Competition Bureau Canada
Bureau de la concurrence Canada

# ਘਪਲਿਆਂ ਦੀ ਛੋਟੀ ਕਾਲੀ ਕਿਤਾਬ




Canada

# ਘਪਲਿਆਂ ਦੀ ਛੋਟੀ ਕਾਲੀ ਕਿਤਾਬ

2ਰਾ ਐਡੀਸ਼ਨ

ਸਭ ਤੋਂ ਪਹਿਲਾਂ ਕੰਪੀਟੀਸ਼ਨ ਬਿਊਰੋ ਕੈਨੇਡਾ 2012 ਦੁਆਰਾ ਪ੍ਰਕਾਸ਼ਿਤ ਕੀਤੀ ਗਈ

ਇਹ ਪ੍ਰਕਾਸ਼ਨ ਇੱਕ ਕਾਨੂੰਨੀ ਦਸਤਾਵੇਜ਼ ਨਹੀਂ ਹੈ। ਇਹ ਆਮ ਜਾਣਕਾਰੀ ਮੁਹੱਈਆ ਕਰਨ ਵਾਸਤੇ ਇਛੱਤ ਹੈ ਅਤੇ ਸੁਵਿਧਾ ਲਈ ਮੁਹੱਈਆ ਕੀਤਾ ਗਿਆ ਹੈ।

**ਕੰਪੀਟੀਸ਼ਨ ਬਿਊਰੋ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਲਈ, ਕਿਰਪਾ ਕਰਕੇ ਸੰਪਰਕ ਕਰੋ:**

ਜਾਣਕਾਰੀ ਕੇਂਦਰ
Competition Bureau
50 Victoria Street
Gatineau QC K1A 0C9

ਟੇਲੀਫੋਨ: 819-997-4282
ਟੋਲ ਫ੍ਰੀ: 1-800-348-5358
ਟੀਟੀਵਾਈ (ਸੁਣਨ ਸੰਬੰਧੀ ਵਿਕਾਰ ਵਾਲਿਆਂ ਲਈ): 1-866-694-8389
ਫੈਕਸ: 819-997-0324
ਵੈੱਬਸਾਇਟ: www.competitionbureau.gc.ca

ਇਸ ਪ੍ਰਕਾਸ਼ਨ ਦੀ ਕਾਪੀ ਪ੍ਰਾਪਤ ਕਰਨ ਲਈ, ਜਾਂ ਇਸ ਨੂੰ ਦੂਸਰੇ ਫਾਰਮੈਟ (ਬ੍ਰੇਲ, ਵੱਡਾ ਪ੍ਰਿੰਟ, ਆਦਿ) ਵਿੱਚ ਪ੍ਰਾਪਤ ਕਰਨ ਲਈ ਕਿਰਪਾ ਕਰਕੇ ਕੰਪੀਟੀਸ਼ਨ ਬਿਊਰੋ ਨਾਲ ਉੱਤੇ ਸੂਚੀਬੱਧ ਕੀਤੇ ਨੰਬਰਾਂ ਤੇ ਸੰਪਰਕ ਕਰੋ।

**ਇਹ ਪ੍ਰਕਾਸ਼ਨ** http://www.competitionbureau.gc.ca/eic/site/cb-bc.nsf/eng/04333.html
**ਤੇ ਐਚਟੀਐਮਐਲ ਵਿੱਚ ਆਨਲਾਇਨ ਵੀ ਉਪਲਬਧ ਹੈ।**

**ਪ੍ਰਤੀਲਿਪੀ ਬਣਾਉਣ ਦੀ ਆਗਿਆ**

ਵੈਸੇ ਖਾਸ ਕਰਕੇ ਨੋਟ ਕੀਤੇ ਹੋਣ ਤੋਂ ਇਲਾਵਾ, ਇਸ ਪ੍ਰਕਾਸ਼ਨ ਵਿਚਲੀ ਜਾਣਕਾਰੀ ਦੇ ਕੁਝ ਹਿੱਸੇ ਜਾਂ ਪੂਰੇ ਦੀ ਅਤੇ ਕੋਈ ਵੀ ਤਰੀਕਿਆਂ ਰਾਹੀਂ, ਪ੍ਰਤੀਲਿਪੀ ਬਣਾਈ ਜਾ ਸਕਦੀ ਹੈ, ਬਿਨਾਂ ਕਿਸੇ ਖਰਚੇ ਦੇ ਜਾਂ ਕੰਪੀਟੀਸ਼ਨ ਬਿਊਰੋ ਕੋਲੋਂ ਹੋਰ ਆਗਿਆ ਤੋਂ ਬਿਨਾਂ ਬਸ਼ਰਤੇ ਪ੍ਰਤੀਲਿਪੀ ਬਣਾਈ ਗਈ ਜਾਣਕਾਰੀ ਦੀ ਸ਼ੁੱਧਤਾ ਨੂੰ ਸੁਨਿਸ਼ਚਿਤ ਕਰਨ ਲਈ ਉਚਿਤ ਕਦਮ ਚੁੱਕੇ ਜਾਂਦੇ ਹਨ; ਕਿ ਸ੍ਰੋਤ ਸਸੰਥਾ ਦੀ ਤਰ੍ਹਾਂ ਕੰਪੀਟੀਸ਼ਨ ਬਿਊਰੋ ਦੀ ਪਛਾਣ ਕੀਤੀ ਜਾਂਦੀ ਹੈ; ਅਤੇ ਇਹ ਕਿ ਪ੍ਰਤੀਲਿਪੀ ਨੂੰ ਪ੍ਰਤੀਲਿਪੀ ਬਣਾਈ ਗਈ ਜਾਣਕਾਰੀ ਦੇ ਦਫ਼ਤਰੀ ਪ੍ਰਤੀਰੂਪ ਦੀ ਤਰ੍ਹਾਂ, ਅਤੇ ਨਾ ਹੀ ਉਸ ਨੂੰ ਕੰਪੀਟੀਸ਼ਨ ਬਿਊਰੋ ਦੇ ਨਾਲ ਸੰਬੰਧਤ ਜਾਂ ਉਸ ਦੀ ਤਸਦੀਕ ਕਰਦੇ ਹੋਏ ਨਹੀਂ ਦਰਸ਼ਾਇਆ ਜਾਂਦਾ। ਵਪਾਰਕ ਤੌਰ ਤੇ ਮੁੜ ਕੇ ਵੰਡੇ ਜਾਣ ਲਈ ਇਸ ਪ੍ਰਕਾਸ਼ਨ ਵਿਚਲੀ ਜਾਣਕਾਰੀ ਦੀ ਪ੍ਰਤੀਲਿਪੀ ਬਣਾਉਣ ਵਾਸਤੇ ਆਗਿਆ ਦੇ ਲਈ, ਕਿਰਪਾ ਕਰਕੇ ਕਰਾਉਨ ਕਾਪੀਰਾਇਟ ਕਲੀਅਰੈਂਸ (Crown Copyright Clearance) ਦੇ ਲਈ ਅਪਲਾਈ ਕਰੋ ਜਾਂ ਇਸ ਨੂੰ ਲਿੱਖੋ:

**Communications and Marketing Branch**
Innovation, Science and Economic Development Canada
C.D. Howe Building
235 Queen Street
Ottawa, ON Canada
K1A 0H5
ਈਮੇਲ: ISED@Canada.ca

© ਹਰ ਮੈਜੇਸਟੀ ਦ ਕਵੀਨ ਇੰਨ ਰਾਇਟ ਆਫ ਕੈਨੇਡਾ, ਜਿਵੇਂ ਕਿ ਮਨਿਸਟਰ ਆਫ ਇੰਨਡਸਟਰੀ ਦੁਆਰਾ ਪ੍ਰਤੀਨਿਧਤਾ ਕੀਤੀ ਜਾਂਦੀ ਹੈ, 2018

Cat. No. Iu54-42/2018Pu-PDF
ISBN: 978-0-660-29917-4
2019-03-29

*This publication is available through PDF on the web in the following languages: English, Chinese simplified, Chinese traditional, French, Spanish, Tagalog.*


# ਭੂਮਿਕਾ

ਘਪਲੇ ਕਰਨ ਵਾਲੇ ਚਲਾਕ ਅਤੇ ਮੱਕਾਰ ਹੁੰਦੇ ਹਨ। ਉਹ ਕਿਸੇ ਨੂੰ ਵੀ ਨਿਸ਼ਾਨਾ ਬਣਾ ਸਕਦੇ ਹਨ, ਨੌਜਵਾਨਾਂ ਤੋਂ ਰਿਟਾਇਰ ਹੋ ਗਏ ਲੋਕਾਂ ਤੱਕ। ਉਹ ਕਾਰੋਬਾਰਾਂ ਨੂੰ ਵੀ ਨਿਸ਼ਾਨਾ ਬਣਾ ਸਕਦੇ ਹਨ। ਕੋਈ ਵੀ ਘਪਲੇ ਤੋਂ ਸੁਰੱਖਿਅਤ ਨਹੀਂ ਹੈ।

ਸਾਡੇ ਸੁਪਰਹੀਰੋ ਸਮੂਹ ਨੇ ਘਪਲੇ ਦੀ ਅਸਲੀ ਪ੍ਰਕਿਰਤੀ ਦੇਖਣ ਦਾ ਢੰਗ ਲੱਭ ਲਿਆ ਹੈ। ਉਨ੍ਹਾਂ ਦਾ ਰਾਜ਼ ਸਰਲ ਹੈ: ਗਿਆਨ ਸ਼ਕਤੀ ਹੈ!

ਇਹ ਜਾਣਨ ਲਈ ਕਿ ਕਿਸ ਤਰ੍ਹਾਂ ਤੁਸੀਂ ਵੀ ਘਪਲਿਆਂ ਦਾ ਸਾਮ੍ਹਣਾ ਕਰਨ ਵਾਲੇ ਸੁਪਰਹੀਰੋ ਬਣ ਸਕਦੇ ਹੋ, ਅਗੇ ਪੜ੍ਹੋ। ਇਸ ਪੁਸਤਿਕਾ ਨੂੰ ਪਰਿਵਾਰ ਅਤੇ ਦੋਸਤਾਂ ਦੇ ਨਾਲ ਸਾਂਝਾ ਕਰੋ ਅਤੇ ਸ਼ਕਤੀ ਪ੍ਰਾਪਤ ਕਰਨਾ ਸ਼ੁਰੂ ਕਰੋ!





# ਵਿਸ਼ਾ-ਸੂਚੀ


ਘਪਲਿਆਂ ਦਾ ਸਾਮ੍ਹਣਾ ਕਰਨਾ 101 . . . . . . . . . . 6
ਸਬਸਕ੍ਰਿਪਸ਼ਨ ਸੰਬੰਧੀ ਚੁੰਗਲ . . . . . . . . . . 7
ਪਛਾਣ ਦੀ ਚੋਰੀ . . . . . . . . . . 8
ਸੀਈਓ (CEO) ਸਕੈਮ . . . . . . . . . . 9
ਸਿਹਤ ਅਤੇ ਮੈਡੀਕਲ ਸਕੈਮ . . . . . . . . . . 10
ਰੋਮੈਂਸ ਸਕੈਮ . . . . . . . . . . 11
ਕਾਰੋਬਾਰ ਸੰਬੰਧੀ ਸਕੈਮ . . . . . . . . . . 12
ਫਿਸ਼ਿੰਗ (Phishing) ਅਤੇ ਸਮਿਸ਼ਿੰਗ (smishing) ਸਕੈਮ . . . . . . . . . . 13
ਟੈਕਸ ਸਕੈਮ . . . . . . . . . . 14
ਡੋਰ-ਟੂ-ਡੋਰ ਸਕੈਮ . . . . . . . . . . 15
ਐਮਰਜੈਂਸੀ ਸਕੈਮ . . . . . . . . . . 16
ਮਾਲ ਦੀ ਖਰੀਦਦਾਰੀ ਸੰਬੰਧੀ ਸਕੈਮ . . . . . . . . . . 17
ਮਾਲ ਵੇਚਣ ਸੰਬੰਧੀ ਸਕੈਮ . . . . . . . . . . 18
ਚੇਤਾਵਨੀਆਂ: ਧਿਆਨ ਦੇਣ ਵਾਲੀਆਂ ਚੀਜ਼ਾਂ . . . . . . . . . . 19
ਸਕੈਮ ਦੀ ਰਿਪੋਰਟ ਕਰਨਾ . . . . . . . . . . 20



# ਘਪਲਿਆਂ ਦਾ ਸਾਮ੍ਹਣਾ ਕਰਨਾ 101

## ਤੁਸੀਂ ਆਪਣੇ ਆਪ ਨੂੰ ਉਸ ਜਾਣਕਾਰੀ ਦੇ ਨਾਲ ਲੈਸ ਕਰਕੇ ਅਸਲ ਜ਼ਿੰਦਗੀ ਵਿੱਚ ਇੱਕ ਸੁਪਰ-ਹੀਰੋ ਬਣ ਸਕਦੇ ਹੋ ਜਿਸ ਦੀ ਲੋੜ ਤੁਹਾਨੂੰ ਘਪਲਿਆਂ ਦਾ ਸਾਮ੍ਹਣਾ ਕਰਨ ਅਤੇ ਆਪਣੇ ਆਪ, ਆਪਣੇ ਪਰਿਵਾਰ ਅਤੇ ਆਪਣੇ ਪੈਸੇ ਨੂੰ ਸੁਰੱਖਿਅਤ ਰੱਖਣ ਲਈ ਹੈ।

**ਤੁਸੀਂ ਆਪਣੇ ਪੈਸੇ ਲਈ ਸਖ਼ਤ ਮਿਹਨਤ ਕਰਦੇ ਹੋ।** ਤੁਸੀਂ ਉਸ ਨੂੰ ਅਜਿਹੀਆਂ ਚੀਜ਼ਾਂ ਤੇ ਖਰਚ ਕਰਨਾ ਚਾਹੁੰਦੇ ਹੋ ਜਿਹੜੀਆਂ ਤੁਹਾਡੇ ਲਈ ਮਹੱਤਵਪੂਰਨ ਹਨ - ਚਾਹੇ ਉਹ ਤੁਹਾਡੇ ਬੱਚਿਆਂ ਦੀ ਪੜ੍ਹਾਈ, ਇੱਕ ਰੋਚਕ ਟਰਿੱਪ ਜਾਂ ਇੱਕ ਨਵਾਂ ਸਮਾਰਟਫੋਨ ਹੈ।

**ਘਪਲਾ ਕਰਨ ਵਾਲੇ ਅਸਲੀ ਹਨ।** ਉਹ ਰੋਜ਼ ਸ਼ਿਕਾਰਾਂ ਦੀ ਤਲਾਸ਼ ਕਰਦੇ ਹੋਏ ਬਾਹਰ ਹਨ। ਉਹ ਆਨਲਾਇਨ, ਫੋਨ ਤੇ, ਡਾਕ ਰਾਹੀਂ ਜਾਂ ਸਾਖਿਆਤ (in person) ਤੁਹਾਨੂੰ ਨਿਸ਼ਾਨਾ ਬਣਾਉਣਗੇ।

**ਤੁਸੀਂ ਇੱਕ ਨਿਸ਼ਾਨਾ ਹੋ।** ਹਰ ਸਾਲ ਹਜ਼ਾਰਾਂ ਕੈਨੇਡੀਅਨ ਘਪਲੇ ਕਰਨ ਵਾਲਿਆਂ ਕੋਲ ਲੱਖਾਂ ਡਾਲਰ ਗੁਆ ਦਿੰਦੇ ਹਨ। ਪਰਿਵਾਰਾਂ ਅਤੇ ਕਾਰੋਬਾਰਾਂ ਤੇ ਘਪਲੇ ਦਾ ਅਸਰ ਵਿਨਾਸ਼ਕਾਰੀ ਹੋ ਸਕਦਾ ਹੈ।

**ਘਪਲੇ ਦਾ ਸਾਮ੍ਹਣਾ ਕਰਨਾ ਸਿੱਖੋ।** ਇਸ ਪੁਸਤਿਕਾ ਵਿੱਚ ਵਰਤਮਾਨ ਸਮੇਂ ਤੇ ਕਨੇਡੀਅਨਾਂ ਨੂੰ ਨਿਸ਼ਾਨਾ ਬਣਾ ਰਹੇ 12 ਸਭ ਤੋਂ ਆਮ ਘਪਲੇ ਸ਼ਾਮਲ ਹਨ। ਇਹ ਆਪਣੀ ਰੱਖਿਆ ਕਿਵੇਂ ਕਰਨੀ ਹੈ ਅਤੇ ਜੇ ਤੁਸੀਂ ਘਪਲੇ ਦਾ ਸ਼ਿਕਾਰ ਹੋ ਜਾਂਦੇ ਹੋ ਤਾਂ ਕੀ ਕਰਨਾ ਚਾਹੀਦਾ ਹੈ ਬਾਰੇ ਸੁਝਾਆਂ ਅਤੇ ਤਰਕੀਬਾਂ ਨਾਲ ਭਰਪੂਰ ਹੈ।

**ਉਸਦੀ ਰਿਪੋਰਟ ਕਰੋ!** ਕਿਸੇ ਨੂੰ ਵੀ ਨਿਸ਼ਾਨਾ ਬਣਾਇਆ ਜਾ ਸਕਦਾ ਹੈ, ਕਿਸ਼ੋਰਾਂ ਤੋਂ, ਨਾਨਾ/ਨਾਨੀ-ਦਾਦਾ/ਦਾਦੀ ਤੋਂ ਸੀਨੀਅਰ ਕਾਰਪੋਰੇਟ ਅਫਸਰਾਂ ਤੱਕ। ਸਭ ਤੋਂ ਵਧੀਆ ਚੀਜ਼ ਜਿਹੜੀ ਤੁਸੀਂ ਕਰ ਸਕਦੇ ਹੋ ਉਹ ਹੈ, ਉਚਿਤ ਅਧਿਕਾਰੀਆਂ ਨੂੰ ਘਪਲੇ ਦੀ ਰਿਪੋਰਟ ਕਰਨਾ, ਰਕਮ ਜੋ ਵੀ ਹੋਵੇ। ਸ਼ਰਮਿੰਦਾ ਨਾ ਹੋਵੋ ਕਿਉਂਕਿ ਇਹ ਹੋਰਾਂ ਨੂੰ ਇਸ ਦਾ ਸ਼ਿਕਾਰ ਨਾ ਬਣਨ ਵਿੱਚ ਸਹਾਇਤਾ ਕਰੇਗਾ।

**ਗਿਆਨ ਤੁਹਾਡੀ ਸ਼ਕਤੀ ਹੈ।** ਹੋਰ ਜਾਣਕਾਰੀ ਪ੍ਰਾਪਤ ਕਰਕੇ ਆਪਣੀ ਰੱਖਿਆ ਕਰੋ। ਇਸ ਪੁਸਤਿਕਾ ਤੋਂ ਇਲਾਵਾ, ਤੁਸੀਂ ਹੋਰ ਜਾਣਕਾਰੀ ਵਾਸਤੇ ਅਨੇਕ ਭਰੋਸੇਯੋਗ ਵੈੱਬਸਾਇਟਾਂ ਤੋਂ ਵੀ ਸਲਾਹ ਲੈ ਸਕਦੇ ਹੋ।

ਆਰਸੀਐਮਪੀ (RCMP) ਦੁਆਰਾ ਪਰਬੰਧਿਤ, ਦ ਕਨੇਡੀਅਨ ਐਂਟੀ-ਫਰੌਡ ਸੈਂਟਰ (The Canadian Anti-Fraud Centre),ਕੰਪੀਟੀਸ਼ਨ ਬਿਊਰੋ ਅਤੇ ਓਨਟਾਰਿਓ ਪ੍ਰੋਵਿੰਸ਼ਲ ਪੁਲਿਸ ਕੋਲ ਘਪਲਿਆਂ ਬਾਰੇ ਕਾਫ਼ੀ ਮਾਤਰਾ ਵਿੱਚ ਜਾਣਕਾਰੀ ਹੈ। www.antifraudcentre.ca ਤੇ ਜਾ ਕੇ ਅੱਜ ਹੀ ਸ਼ਕਤੀ ਪ੍ਰਾਪਤ ਕਰੋ !




# ਸਬਸਕ੍ਰਿਪਸ਼ਨ ਸੰਬੰਧੀ ਚੁੰਗਲ

## ਚੰਗੇ ਸੌਦੇ ਤੁਹਾਨੂੰ ਮਹਿੰਗੇ ਚੁੰਗਲਾਂ ਵਿੱਚ ਫਸਣ ਲਈ ਲਾਲਚ ਦੇ ਸਕਦੇ ਹਨ!

ਸਬਸਕ੍ਰਿਪਸ਼ਨ ਸੰਬੰਧੀ ਚੁੰਗਲ ਉਤਪਾਦਾਂ ਅਤੇ ਸੇਵਾਵਾਂ ਦੀਆਂ "ਮੁਫਤ" ਜਾਂ "ਘੱਟ-ਕੀਮਤ" ਵਾਲੀਆਂ ਟ੍ਰਾਇਲਾਂ ਪੇਸ਼ ਕਰਕੇ ਤੁਹਾਨੂੰ ਚਕਮਾ ਦੇ ਸਕਦਾ ਹੈ। ਆਮਤੌਰ ਤੇ ਪੇਸ਼ ਕੀਤੇ ਜਾਣ ਵਾਲੇ ਉਤਪਾਦਾਂ ਵਿੱਚ ਸ਼ਾਮਲ ਹਨ ਭਾਰ ਘਟਾਉਣ ਵਾਲੀਆਂ ਗੋਲੀਆਂ, ਸਿਹਤ ਸੰਬੰਧੀ ਭੋਜਨ, ਫਾਰਮਾਸਿਊਟੀਕਲਜ਼ ਅਤੇ ਬੁਢਾਪੇ ਵਿਰੋਧੀ (anti-ageing) ਉਤਪਾਦ।

ਜਦੋਂ ਤੁਸੀਂ ਇੱਕ ਵਾਰੀ ਸ਼ਿਪਿੰਗ ਖਰਚੇ ਕਵਰ ਕਰਨ ਲਈ ਕ੍ਰੈਡਿਟ ਕਾਰਡ ਜਾਣਕਾਰੀ ਪ੍ਰਦਾਨ ਕਰ ਦਿੰਦੇ ਹੋ, ਤਾਂ ਤੁਸੀਂ ਅਣਜਾਣੇ ਹੀ ਮਾਸਿਕ ਸਬਸਕ੍ਰਿਪਸ਼ਨ ਵਿੱਚ ਲਾਕ ਹੋ ਜਾਂਦੇ ਹੋ। ਫਿਰ ਡਲਿਵਰੀ ਅਤੇ ਬਿਲਿੰਗ ਨੂੰ ਰੋਕਣਾ, ਜੇ ਲਗਭਗ ਅਸੰਭਵ ਨਹੀਂ, ਤਾਂ ਮੁਸ਼ਕਲ ਹੋ ਸਕਦਾ ਹੈ।

ਘਪਲੇ ਕਰਨ ਵਾਲੇ ਲੋਕਾਂ ਨੂੰ ਫਸਾਉਣ ਵਾਸਤੇ ਵੈੱਬਸਾਇਟਾਂ, ਸੋਸ਼ਲ ਮੀਡੀਆ ਪਲੇਟਫਾਰਮਾਂ ਅਤੇ ਫੋਨਾਂ ਦਾ ਇਸਤੇਮਾਲ ਕਰਦੇ ਹਨ।

ਯਾਦ ਰੱਖੋ, ਕਾਹਲੀ ਵਿੱਚ ਫੈਸਲਾ ਕਰਨ ਲਈ ਤੁਹਾਡੇ ਤੇ ਦਬਾਅ ਪਾਣ ਲਈ ਅਕਸਰ "ਪੇਸ਼ਕਸ਼ ਸੀਮਿਤ ਸਮੇਂ ਲਈ ਹੈ" ਵਰਗੀਆਂ ਵਿਕਰੀ ਦੀਆਂ ਉੱਚ-ਦਬਾਅ ਵਾਲੀਆਂ ਚਾਲਾਂ ਵਰਤੀਆਂ ਜਾਂਦੀਆਂ ਹਨ।

### ਆਪਣੀ ਰੱਖਿਆ ਕਰਨ ਲਈ ਸੁਝਾਅ:

- ਆਪਣੀਆਂ ਅੰਤਰਪ੍ਰੇਰਣਾਵਾਂ ਤੇ ਭਰੋਸਾ ਕਰੋ। ਜੇ ਉਹ ਸੱਚ ਹੋਣ ਲਈ ਬਹੁਤ ਹੀ ਵੱਧ ਚੰਗਾ ਹੈ, ਸਾਇਨ ਅਪ ਨਾ ਕਰੋ।
- ਮੁਫਤ ਟ੍ਰਾਇਲ ਵਾਸਤੇ ਸਾਇਨ ਅਪ ਕਰਨ ਤੋਂ ਪਹਿਲਾਂ, ਕੰਪਨੀ ਬਾਰੇ ਖੋਜ ਕਰੋ ਅਤੇ ਸਮੀਖਿਆਵਾਂ ਪੜ੍ਹੋ, ਖਾਸ ਕਰਕੇ ਜਿਹੜੀਆਂ ਨਕਾਰਾਤਮਕ (ਨੈਗੇਟਿਵ) ਹਨ। ਦ ਬੈਟਰ ਬਿਜ਼ਨਸ ਬਿਊਰੋ (The Better Business Bureau) ਜਾਣਕਾਰੀ ਦਾ ਵਧੀਆ ਸ੍ਰੋਤ ਹੈ।
- ਜੇ ਤੁਸੀਂ ਨਿਬੰਧਨ ਅਤੇ ਸ਼ਰਤਾਂ ਲੱਭ ਜਾਂ ਸਮਝ ਨਹੀਂ ਸਕਦੇ ਸਾਇਨ ਅਪ ਨਾ ਕਰੋ। ਪਹਿਲਾਂ ਤੋਂ ਚੈੱਕ ਕੀਤੇ ਹੋਏ ਖਾਨਿਆਂ,ਰੱਦ ਕਰਨ ਸੰਬੰਧੀ ਧਾਰਾਵਾਂ, ਵਾਪਸ ਕਰਨ ਸੰਬੰਧੀ ਨੀਤੀਆਂ ਅਤੇ ਕੋਈ ਵੀ ਅਸਪਸ਼ਟ ਖਰਚਿਆਂ ਵਲ ਖਾਸ ਧਿਆਨ ਦਿਓ।
- ਜੇ ਤੁਸੀਂ ਮੁਫਤ ਟ੍ਰਾਇਲ ਨਾਲ ਅਗੇ ਵੱਧਦੇ ਹੋ, ਤਾਂ ਸਾਰੇ ਦਸਤਾਵੇਜ਼, ਰਸੀਦਾਂ, ਈਮੇਲਾਂ ਅਤੇ ਟੈਕਸਟ ਮੈਸੇਜ ਰੱਖੋ।
- ਅਕਸਰ ਹੋਣ ਵਾਲੇ ਜਾਂ ਅਣਜਾਣ ਖਰਚਿਆਂ ਦੇ ਲਈ ਆਪਣੀਆਂ ਕ੍ਰੈਡਿਟ ਕਾਰਡ ਸਟੇਟਮੈਂਟਾਂ ਨੂੰ ਨਿਯਮਿਤ ਰੂਪ ਨਾਲ ਜਾਂਚੋ।
- ਜੇ ਤੁਹਾਨੂੰ ਆਪਣੀ ਸਬਸਕ੍ਰਿਪਸ਼ਨ ਰੱਦ ਕਰਨ ਵਿੱਚ ਮੁਸ਼ਕਲ ਹੁੰਦੀ ਹੈ, ਤਾਂ ਆਪਣੇ ਕ੍ਰੈਡਿਟ ਕਾਰਡ ਪ੍ਰਦਾਤਾ, ਆਪਣੀ ਸਥਾਨਕ ਉਪਭੋਗਤਾ ਸੁਰੱਖਿਆ ਸਸੰਥਾ ਜਾਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨਾਲ ਸੰਪਰਕ ਕਰੋ।

**ਜੇ ਤੁਹਾਨੂੰ ਘਪਲੇ ਦਾ ਸ਼ੱਕ ਹੈ, ਤਾਂ ਹਮੇਸ਼ਾ ਉਸਦੀ ਰਿਪੋਰਟ ਕਰੋ।**

ਹੋਰ ਜਾਣਕਾਰੀ ਦੇ ਲਈ ਸਫੇ 19 ਅਤੇ 20 ਤੇ ਜਾਓ।




# ਪਛਾਣ ਦੀ ਚੋਰੀ

## ਯਕੀਨੀ ਬਣਾਉਣ ਵਿੱਚ ਸਹਾਇਤਾ ਕਰੋ ਕਿ ਤੁਹਾਡੀ ਪਛਾਣ ਕੇਵਲ ਤੁਹਾਡੀ ਹੀ ਰਹਿੰਦੀ ਹੈ!

ਘਪਲਾ ਕਰਨ ਵਾਲੇ ਘਪਲਾ ਕਰਨ ਵਾਸਤੇ ਹਮੇਸ਼ਾ ਤੁਹਾਡੀ ਨਿਜੀ ਜਾਣਕਾਰੀ ਨੂੰ ਇਕੱਠੀ ਕਰਨ ਜਾਂ ਉਸ ਦੀ ਪ੍ਰਤੀਲਿਪੀ ਬਣਾਉਣ ਦੇ ਲਈ ਤਲਾਸ਼ ਵਿੱਚ ਰਹਿੰਦੇ ਹਨ। ਚੋਰ ਤੁਹਾਡੇ ਅਕਾਉਂਟਾਂ ਦੀ ਵਰਤੋਂ ਕਰਕੇ ਖਰੀਦਦਾਰੀ ਕਰ ਸਕਦੇ ਹਨ, ਪਾਸਪੋਰਟ ਪ੍ਰਾਪਤ ਕਰ ਸਕਦੇ ਹਨ, ਸਰਕਾਰੀ ਲਾਭ ਪ੍ਰਾਪਤ ਕਰ ਸਕਦੇ ਹਨ, ਲੋਨਾਂ ਲਈ ਅਪਲਾਈ ਕਰ ਸਕਦੇ ਹਨ ਅਤੇ ਹੋਰ ਬਹੁਤ ਕੁਝ। ਇਸ ਕਰਕੇ ਤੁਹਾਡੇ ਜੀਵਨ ਵਿੱਚ ਉਥਲ-ਪੁਥਲ ਹੋ ਸਕਦੀ ਹੈ।

ਘਪਲੇ ਕਰਨ ਵਾਲੇ ਅਜਿਹੀਆਂ ਤਕਨੀਕਾਂ ਵਰਤਦੇ ਹਨ ਜੋ ਕਿ ਸਰਲ ਤੋਂ ਵਿਸਤ੍ਰਿਤ ਤੱਕ ਹੋ ਸਕਦੀਆਂ ਹਨ। ਆਫਲਾਇਨ, ਉਹ ਕਚਰੇ ਦੇ ਡੱਬਿਆਂ ਦੀ ਤਲਾਸ਼ੀ ਲੈ ਸਕਦੇ ਹਨ ਜਾਂ ਡਾਕ ਚੋਰੀ ਕਰ ਸਕਦੇ ਹਨ। ਆਨਲਾਇਨ, ਉਹ ਸਪਾਏਵੇਅਰ ਅਤੇ ਵਾਇਰਸ ਦੇ ਨਾਲ ਹੈਕਿੰਗ ਅਤੇ ਫਿਸ਼ਿੰਗ ਵਰਤ ਸਕਦੇ ਹਨ (ਸਫਾ 13 ਦੇਖੋ)।

ਉਹ ਕ੍ਰੈਡਿਟ ਕਾਰਡ ਜਾਣਕਾਰੀ, ਬੈਂਕ ਅਕਾਉਂਟਾਂ ਦੀ ਤਫਸੀਲ, ਪੂਰਾ ਨਾਮ ਅਤੇ ਹਸਤਾਖਰ, ਜਨਮ ਮਿਤੀ, ਸੋਸ਼ਲ ਇੰਸ਼ੋਰੈਂਸ ਨੰਬਰ, ਪੂਰਾ ਪਤਾ, ਮਾਂ ਦਾ ਸ਼ਾਦੀ ਤੋਂ ਪਹਿਲਾਂ ਦਾ ਨਾਮ, ਆਨਲਾਇਨ ਯੂਜ਼ਰਨੇਮ ਅਤੇ ਪਾਸਵਰਡ, ਡਰਾਈਵਰ ਲਸੰਸ ਨੰਬਰ ਅਤੇ ਪਾਸਪੋਰਟ ਨੰਬਰ ਭਾਲਦੇ ਹਨ।


ਪਛਾਣ ਦੀ ਚੋਰੀ ਇੱਕ ਸੰਗੀਨ ਜੁਰਮ ਹੈ!

### ਆਪਣੀ ਰੱਖਿਆ ਕਰਨ ਲਈ ਸੁਝਾਅ:

- ਕਦੇ ਵੀ ਫੋਨ ਤੇ, ਟੈਕਸਟ ਮੈਸੇਜ, ਈਮੇਲ ਜਾਂ ਇੰਟਰਨੈੱਟ ਰਾਹੀਂ ਆਪਣੀ ਜਾਣਕਾਰੀ ਮੁਹੱਈਆ ਨਾ ਕਰੋ।
- ਨਿਜੀ ਜਾਣਕਾਰੀ ਤੱਕ ਪਹੁੰਚਣ ਜਾਂ ਉਸ ਨੂੰ ਮੁਹੱਈਆ ਕਰਨ ਵਾਸਤੇ ਜਨਤਕ ਕੰਪਿਊਟਰਾਂ ਜਾਂ ਵਾਈ-ਫਾਈ (Wi-Fi) ਹੌਟਸਪੌਟਾਂ, ਜਿਵੇਂ ਕਿ ਕਾਫੀ ਸ਼ਾਪਾਂ ਵਿੱਚ ਹੁੰਦੇ ਹਨ ਤੋਂ ਗੁਰੇਜ਼ ਕਰੋ; ਉਹ ਤੁਹਾਨੂੰ ਖਤਰੇ ਵਿੱਚ ਪਾਉਂਦੇ ਹਨ।
- ਆਪਣੇ ਹਰੇਕ ਆਨਲਾਇਨ ਅਕਾਉਂਟ ਦੇ ਲਈ ਮਜ਼ਬੂਤ ਅਤੇ ਅਨੂਠੇ ਪਾਸਵਰਡ ਬਣਾਓ। ਆਪਣੇ ਉਪਕਰਣਾਂ ਅਤੇ ਘਰ ਦੇ ਵਾਈ-ਫਾਈ (Wi-Fi) ਨੂੰ ਪਾਸਵਰਡ ਦੇ ਨਾਲ ਸੁਰੱਖਿਅਤ ਕਰੋ।
- ਆਨਲਾਇਨ ਖਰੀਦਣ ਵੇਲੇ ਭੁਗਤਾਨ ਕਰਨ ਵਾਲੀ ਸੁਰੱਖਿਅਤ ਅਤੇ ਪ੍ਰਤਿਸ਼ਠਾਵਾਨ ਸੇਵਾ ਵਰਤੋ – "https" ਦੇ ਨਾਲ ਸ਼ੁਰੂ ਹੋਣ ਵਾਲਾ ਯੂਆਰਐਲ (URL) ਅਤੇ ਇੱਕ ਬੰਦ ਤਾਲੇ ਦਾ ਚਿੰਨ੍ਹ ਭਾਲੋ।
- ਸੋਸ਼ਲ ਮੀਡੀਆ ਤੇ ਨਿਜੀ ਜਾਣਕਾਰੀ ਦੇਣ ਤੋਂ ਗੁਰੇਜ਼ ਕਰੋ। ਉਸ ਨੂੰ ਤੁਹਾਡੀਆਂ ਤਸਵੀਰਾਂ ਦੇ ਨਾਲ ਘਪਲੇ ਕਰਨ ਵਾਸਤੇ ਵਰਤਿਆ ਜਾ ਸਕਦਾ ਹੈ।
- ਆਪਣਾ ਕਾਰਡ ਵਰਤਦੇ ਹੋਏ ਹਮੇਸ਼ਾ ਆਪਣੇ ਪਿੰਨ (PIN) ਨੂੰ ਢੱਕੋ। ਜੇ ਤੁਸੀਂ ਉਸ ਨੂੰ ਇੱਕ ਕੈਸ਼ੀਅਰ ਨੂੰ ਦਿੰਦੇ ਹੋ, ਤਾਂ ਕਦੇ ਵੀ ਉਸ ਨੂੰ ਅੱਖਾਂ ਤੋਂ ਅਲੋਪ ਨਾ ਹੋਣ ਦਿਓ।
- ਨਿਜੀ ਜਾਣਕਾਰੀ ਵਾਲੇ ਦਸਤਾਵੇਜ਼ਾਂ ਨੂੰ ਸ਼੍ਰੈਡ ਅਤੇ ਨਸ਼ਟ ਕਰੋ।

**ਜੇ ਤੁਹਾਨੂੰ ਘਪਲੇ ਦਾ ਸ਼ੱਕ ਹੈ, ਤਾਂ ਹਮੇਸ਼ਾ ਉਸਦੀ ਰਿਪੋਰਟ ਕਰੋ।**

ਹੋਰ ਜਾਣਕਾਰੀ ਦੇ ਲਈ ਸਫੇ 19 ਅਤੇ 20 ਤੇ ਜਾਓ।




# ਸੀਈਓ (CEO) ਸਕੈਮ

## ਤੁਹਾਡਾ ਸੀਈਓ ਤੁਰੰਤ ਪੈਸੇ ਮੰਗ ਰਿਹਾ ਹੈ; ਸੁਨਿਸ਼ਚਿਤ ਕਰੋ ਕਿ ਈਮੇਲ ਸੱਚੀ ਹੈ!

ਕੀ ਤੁਸੀਂ ਅਕਾਉਂਟਿੰਗ ਜਾਂ ਫਾਈਨੈਂਸ ਵਿੱਚ ਕੰਮ ਕਰਦੇ ਹੋ? ਕੀ ਤੁਹਾਨੂੰ ਕੰਮ ਤੇ ਪੈਸੇ ਇੱਕ ਥਾਂ ਤੋਂ ਦੂਜੀ ਥਾਂ ਤੇ ਭੇਜਣ ਦਾ ਅਧਿਕਾਰ ਹੈ? ਕੀ ਤੁਸੀਂ ਇੱਕ ਮੁੱਖ ਕਾਰਜਕਾਰੀ ਅਫਸਰ (ਸੀਈਓ) ਨੂੰ ਰਿਪੋਰਟ ਕਰਦੇ ਹੋ? ਜੇ ਹਾਂ, ਤਾਂ ਸਤਰਕ ਰਹੋ; ਇਹ ਘਪਲਾ ਖਾਸ ਤੌਰ ਤੇ ਤੁਹਾਨੂੰ ਨਿਸ਼ਾਨਾ ਬਣਾਉਂਦਾ ਹੈ!

ਇੱਕ ਆਮ "ਸੀਈਓ ਸਕੈਮ" ਵਿੱਚ, ਘਪਲਾ ਕਰਨ ਵਾਲੇ ਕੰਪਨੀ ਦੇ ਸੀਨੀਅਰ ਪ੍ਰਬੰਧਕ ਦਾ ਰੂਪ ਧਾਰਣ ਕਰਨਗੇ, ਜਾਂ ਤਾਂ ਉਨ੍ਹਾਂ ਦੇ ਈਮੇਲ ਪਤੇ ਤੱਕ ਪਹੁੰਚ ਪ੍ਰਾਪਤ ਕਰਕੇ ਜਾਂ ਉਸਦੀ ਨਕਲ ਕਰਕੇ। ਉਹ ਵਾਸਤਵਿਕ ਦਿਖਣ ਵਾਲੀਆਂ ਈਮੇਲਾਂ ਭੇਜਣਗੇ ਜਿਹੜੀਆਂ ਕਿਸੀ ਤੀਸਰੀ ਪਾਰਟੀ ਨੂੰ ਪੈਸੇ ਭੇਜਣ ਲਈ ਤੁਹਾਡੇ ਨਾਲ ਫਰੇਬ ਕਰਨ ਦੀ ਕੋਸ਼ਿਸ਼ ਕਰਦੀਆਂ ਹਨ।

ਈਮੇਲਾਂ ਗੁਜਾਰਸ਼ ਨੂੰ ਤਾਗੀਦੀ ਅਤੇ ਗੁਪਤ ਹੋਣ ਦੇ ਰੂਪ ਵਿੱਚ ਪੇਸ਼ ਕਰਨਗੀਆਂ। ਉਦਾਹਰਣ ਲਈ, ਉਹ ਕਹਿ ਸਕਦੇ ਹਨ ਕਿ ਪੈਸੇ ਇੱਕ ਮਹੱਤਵਪੂਰਨ ਠੇਕਾ ਪ੍ਰਾਪਤ ਕਰਨ ਲਈ, ਇੱਕ ਗੁਪਤ ਸੌਦਾ ਕਰਨ ਲਈ ਜਾਂ ਇੱਕ ਸਪਲਾਇਰ ਦੀ ਭੁਗਤਾਨ ਸੰਬੰਧੀ ਜਾਣਕਾਰੀ ਨੂੰ ਅੱਪਡੇਟ ਕਰਨ ਲਈ ਲੁੜੀਂਦੇ ਹਨ।

ਘਪਲੇ ਕਰਨ ਵਾਲੇ ਇੰਨ੍ਹਾਂ ਈਮੇਲਾਂ ਦੇ ਸਮੇਂ ਬਾਰੇ ਆਮਤੌਰ ਤੇ ਰਣਨੀਤਕ ਹੁੰਦੇ ਹਨ। ਉਹ ਉਨ੍ਹਾਂ ਨੂੰ ਉਸ ਵੇਲੇ ਭੇਜਦੇ ਹਨ ਜਦੋਂ ਪ੍ਰਬੰਧਕ ਬਾਹਰ ਗਏ ਹੁੰਦੇ ਹਨ ਜਾਂ ਉਨ੍ਹਾਂ ਤੱਕ ਪਹੁੰਚਣਾ ਮੁਸ਼ਕਲ ਹੁੰਦਾ ਹੈ। ਇਸ ਲਾਹੇਵੰਦ ਘਪਲੇ ਕਰਕੇ ਕਾਰੋਬਾਰਾਂ ਨੂੰ ਕਈ ਹਜ਼ਾਰਾਂ ਤੋਂ ਕਈ ਮਿਲੀਅਨ ਡਾਲਰਾਂ ਤੱਕ ਦਾ ਨੁਕਸਾਨ ਹੋ ਸਕਦਾ ਹੈ।

ਸੀਈਓ ਸਕੈਮ ਵੱਧ ਰਿਹਾ ਵਿਸ਼ਵਵਿਆਪੀ ਖਤਰਾ ਹੈ ਜਿਹੜਾ ਛੋਟੇ ਸਥਾਨਕ ਕਾਰੋਬਾਰਾਂ ਅਤੇ ਵੱਡੀਆਂ ਕਾਰਪੋਰੇਸ਼ਨਾਂ ਨੂੰ ਸਮਾਨ ਢੰਗ ਨਾਲ ਨਿਸ਼ਾਨਾ ਬਣਾਉਂਦਾ ਹੈ।

### ਆਪਣੀ ਰੱਖਿਆ ਕਰਨ ਲਈ ਸੁਝਾਅ:

- ਆਪਣੇ ਕੰਪਿਊਟਰ ਸਿਸਟਮਾਂ ਨੂੰ ਅੱਪ-ਟੂ-ਡੇਟ, ਪ੍ਰਤਿਸ਼ਠਾਵਾਨ ਐਂਟੀਵਾਇਰਸ ਸੌਫਟਵੇਅਰ ਅਤੇ ਮਜ਼ਬੂਤ ਪਾਸਵਰਡਾਂ ਦੇ ਨਾਲ ਸੁਰੱਖਿਅਤ ਰੱਖੋ।
- ਟ੍ਰਾਂਸਫਰ ਲਈ ਸਾਰੀਆਂ ਬੇਨਤੀਆਂ ਨੂੰ ਫੋਨ ਤੇ ਜਾਂ ਸਾਖਿਆਤ ਪ੍ਰਮਾਣਿਤ ਕਰੋ। ਕਦੇ ਵੀ ਈਮੇਲਾਂ ਵਿੱਚ ਮੁਹੱਈਆ ਕੀਤੀ ਗਈ ਸੰਪਰਕ ਜਾਣਕਾਰੀ ਨਾ ਵਰਤੋ।
- ਭੇਜਣ ਵਾਲੇ ਦੇ ਈਮੇਲ ਪਤੇ ਦੀ ਪੜਤਾਲ ਕਰੋ - ਘਪਲੇ ਕਰਨ ਵਾਲੇ ਅਕਸਰ ਅਜਿਹੇ ਪਤੇ ਬਣਾਉਣਗੇ ਜਿਹੜੇ ਸੱਚੇ ਪਤਿਆਂ ਦੇ ਨਾਲ ਬਹੁਤ ਮਿਲਦੇ ਜੁਲਦੇ ਹੁੰਦੇ ਹਨ, ਸਿਰਫ ਇੱਕ ਜਾਂ ਦੋ ਵੱਖਰੇ ਅੱਖਰਾਂ ਦੇ ਨਾਲ।
- ਆਪਣੀ ਕੰਪਨੀ ਨੂੰ ਪੈਸੇ ਟ੍ਰਾਂਸਫਰ ਕਰਨ ਵਾਸਤੇ ਇੱਕ ਮਿਆਰੀ ਕਿਰਿਆ ਬਣਾਉਣ ਦੇ ਲਈ ਉਤਸ਼ਾਹਿਤ ਕਰੋ ਜਿਸ ਲਈ ਮਨਜ਼ੂਰੀਆਂ ਦੇ ਕਈ ਸਤਰਾਂ ਦੀ ਲੋੜ ਹੋਵੇ।
- ਜਨਤਕ ਤੌਰ ਤੇ ਆਪਣੇ ਦੁਆਰਾ ਸਾਂਝੀਆਂ ਕੀਤੀਆਂ ਗਈਆਂ ਤਫਸੀਲਾਂ ਨੂੰ ਸੀਮਿਤ ਕਰੋ। ਘਪਲੇ ਕਰਨ ਵਾਲੇ, ਸੰਭਾਵੀ ਸ਼ਿਕਾਰਾਂ ਨੂੰ ਲੱਭਣ ਲਈ ਅਤੇ ਉਨ੍ਹਾਂ ਦੇ ਘਪਲੇ ਦੇ ਸਮੇਂ ਨੂੰ ਚੁਣਨ ਵਾਸਤੇ ਆਨਲਾਇਨ ਅਤੇ ਸੋਸ਼ਲ ਮੀਡੀਆ ਤੇ ਉਪਲਬਧ ਜਾਣਕਾਰੀ ਵਰਤਦੇ ਹਨ।

**ਜੇ ਤੁਹਾਨੂੰ ਘਪਲੇ ਦਾ ਸ਼ੱਕ ਹੈ, ਤਾਂ ਹਮੇਸ਼ਾ ਉਸਦੀ ਰਿਪੋਰਟ ਕਰੋ।**

ਹੋਰ ਜਾਣਕਾਰੀ ਦੇ ਲਈ ਸਫੇ 19 ਅਤੇ 20 ਤੇ ਜਾਓ।




# ਸਿਹਤ ਅਤੇ ਮੈਡੀਕਲ ਸਕੈਮ

## ਅਜਿਹੇ ਚਮਤਕਾਰੀ ਇਲਾਜਾਂ ਵਾਸਤੇ ਸਚੇਤ ਰਹੋ ਜਿਹੜੇ ਜਲਦੀ ਅਤੇ ਅਸਾਨ ਹੱਲ ਪੇਸ਼ ਕਰਦੇ ਹਨ।

ਬਾਹਰ ਅਜਿਹੇ ਘਪਲੇ ਕਰਨ ਵਾਲੇ ਮੌਜੂਦ ਹਨ ਜਿਹੜੇ ਲੋਕਾਂ ਦੀ ਤਕਲੀਫ਼ ਦਾ ਫਾਇਦਾ ਉਠਾਉਣ ਦੀ ਉਮੀਦ ਕਰਦੇ ਹਨ। ਸਿਹਤ ਸਕੈਮਾਂ ਦੀਆਂ ਤਿੰਨ ਸਭ ਤੋਂ ਆਮ ਕਿਸਮਾਂ ਚਮਤਕਾਰੀ ਇਲਾਜ, ਭਾਰ ਘਟਾਉਣ ਵਾਲੇ ਪ੍ਰੋਗਰਾਮ ਅਤੇ ਨਕਲੀ ਆਨਲਾਇਨ ਫਾਰਮੇਸੀਆਂ ਹਨ। ਸਾਰੇ ਕੇਸਾਂ ਵਿੱਚ, ਉਹ ਅਕਸਰ ਸੋਸ਼ਲ ਮੀਡੀਆ ਤੇ ਸਪੌਂਸਰ ਕੀਤੀਆਂ ਪੋਸਟਾਂ ਜਾਂ ਵੈੱਬਸਾਇਟ ਪੌਪ-ਅਪਸ ਦੀ ਤਰ੍ਹਾਂ ਦਿਸਦੇ ਹਨ।

ਘਪਲੇ ਕਰਨ ਵਾਲੇ ਅਜਿਹੇ ਉਤਪਾਦ ਅਤੇ ਸੇਵਾਵਾਂ ਪੇਸ਼ ਕਰਦੇ ਹਨ ਜਿਹੜੀਆਂ ਅਸਲੀ ਵਿਕਲਪਿਕ ਦਵਾਈਆਂ ਅਤੇ ਇਲਾਜ ਪ੍ਰਤੀਤ ਹੁੰਦੇ ਹਨ ਜੋ ਗੰਭੀਰ ਅਵਸਥਾਵਾਂ ਦਾ ਇਲਾਜ ਜਲਦੀ ਅਤੇ ਅਸਾਨੀ ਨਾਲ ਕਰਦੇ ਹਨ। ਇੰਨ੍ਹਾਂ ਵਿੱਚੋਂ ਕਈ ਸੇਲਿਬ੍ਰਿਟੀਆਂ ਦੁਆਰਾ ਸਮਰਥਿਤ ਜਾਂ ਠੀਕ ਹੋਣ ਦਾ ਦਾਅਵਾ ਕਰਨ ਵਾਲੇ ਲੋਕਾਂ ਦੀਆਂ ਸਾਖੀਆਂ ਦੁਆਰਾ ਪ੍ਰੇਰਿਤ ਪ੍ਰਤੀਤ ਹੋ ਸਕਦੇ ਹਨ।

ਭਾਰ ਘਟਾਉਣ ਵਾਲੇ ਘਪਲੇ ਬਹੁਤ ਘਟ ਜਾਂ ਕੋਈ ਵੀ ਮਿਹਨਤ ਤੋਂ ਬਿਨਾਂ ਨਾਟਕੀ ਨਤੀਜਿਆਂ ਦਾ ਵਾਅਦਾ ਕਰਦੇ ਹਨ। ਘਪਲੇ ਕਰਨ ਵਾਲੇ ਅਸਧਾਰਨ ਖੁਰਾਕਾਂ; ਇਨਕਲਾਬੀ ਕਸਰਤਾਂ; ਚਰਬੀ ਨੂੰ ਖਤਮ ਕਰਨ ਵਾਲੇ ਉਪਕਰਣਾਂ; ਜਾਂ ਮਹੱਤਵਪੂਰਨ ਖੋਜ ਵਾਲੇ ਉਤਪਾਦਾਂ ਜਿਵੇਂ ਕਿ ਗੋਲੀਆਂ, ਪੈਚਾਂ ਜਾਂ ਕ੍ਰੀਮਾਂ ਨੂੰ ਵਧਾਵਾ ਦੇ ਸਕਦੇ ਹਨ।

ਨਕਲੀ ਆਨਲਾਇਨ ਫਾਰਮੇਸੀਆਂ ਡਾਕਟਰ ਦੀ ਪਰਚੀ ਦੇ ਨਾਲ ਜਾਂ ਉਸ ਤੋਂ ਬਿਨਾਂ ਬਹੁਤ ਸਸਤੀਆਂ ਕੀਮਤਾਂ ਤੇ ਡ੍ਰੱਗਜ਼ ਅਤੇ ਦਵਾਈਆਂ ਪੇਸ਼ ਕਰਦੀਆਂ ਹਨ। ਉਹ ਇੰਟਰਨੈੱਟ ਤੇ ਵਿਗਿਆਪਨ ਕਰਦੇ ਹਨ ਅਤੇ ਸਪੈਮ ਈਮੇਲਾਂ ਭੇਜਦੇ ਹਨ। ਜੇ ਤੁਹਾਨੂੰ ਵਾਅਦਾ ਕੀਤੇ ਹੋਏ ਉਤਪਾਦ ਪ੍ਰਾਪਤ ਹੁੰਦੇ ਹਨ, ਤਾਂ ਕੋਈ ਗਰੰਟੀ ਨਹੀਂ ਹੈ ਕਿ ਉਹ ਅਸਲੀ ਚੀਜ਼ ਜਾਂ ਲੈਣ ਲਈ ਸੁਰੱਖਿਅਤ ਹਨ।

### ਆਪਣੀ ਰੱਖਿਆ ਕਰਨ ਲਈ ਸੁਝਾਅ:

- ਯਾਦ ਰੱਖੋ ਕਿ ਜਲਦੀ ਨਾਲ ਭਾਰ ਵਿੱਚ ਘਾਟਾ ਪ੍ਰਾਪਤ ਕਰਨ ਜਾਂ ਮੈਡੀਕਲ ਅਵਸਥਾਵਾਂ ਦਾ ਇਲਾਜ ਕਰਨ ਵਾਸਤੇ ਕੋਈ ਵੀ ਜਾਦੂਈ ਗੋਲੀਆਂ ਜਾਂ ਚਮਤਕਾਰੀ ਇਲਾਜ ਨਹੀਂ ਹਨ।
- ਦਵਾਈਆਂ, ਪੂਰਕਾਂ ਬਾਰੇ ਦਾਅਵਿਆਂ ਤੇ ਭਰੋਸਾ ਨਾ ਕਰੋ। ਤੱਥਾਂ ਨੂੰ ਸਿੱਧੇ ਆਪਣੇ ਸਿਹਤ ਦੇਖਭਾਲ ਪੇਸ਼ੇਵਰ ਕੋਲੋਂ ਪ੍ਰਾਪਤ ਕਰੋ।
- ਕਿਸੇ ਵੀ ਚੀਜ਼ ਲਈ ਦਬਾਅ ਹੇਠ ਵਚਨਬੱਧ ਨਾ ਹੋਵੋ, ਖਾਸ ਕਰਕੇ ਜੇ ਵੱਡੇ ਪੇਸ਼ਗੀ ਭੁਗਤਾਨ ਜਾਂ ਲੰਬੇ ਸਮੇਂ ਦੇ ਇਕਰਾਰਨਾਮੇ ਦੀ ਲੋੜ ਹੈ।
- ਜਾਣੋ ਜੇਕਰ ਆਨਲਾਇਨ ਫਾਰਮੇਸੀ ਅਸਲੀ ਹੈ, ਉਸ ਨੂੰ ਜਾਇਜ ਨੁਸਖਿਆਂ ਦੀ ਲੋੜ ਹੋਵੇਗੀ।
- ਸੇਲਿਬ੍ਰਿਟੀਆਂ ਦੇ ਸਮਰਥਨਾਂ ਜਾਂ ਸਾਖੀਆਂ ਬਾਰੇ ਸ਼ੱਕੀ ਹੋਵੋ।

**ਜੇ ਤੁਹਾਨੂੰ ਘਪਲੇ ਦਾ ਸ਼ੱਕ ਹੈ, ਤਾਂ ਹਮੇਸ਼ਾ ਉਸਦੀ ਰਿਪੋਰਟ ਕਰੋ।**

ਹੋਰ ਜਾਣਕਾਰੀ ਦੇ ਲਈ ਸਫੇ 19 ਅਤੇ 20 ਤੇ ਜਾਓ।




# ਰੋਮੈਂਸ ਸਕੈਮ

## ਕੀਬੋਰਡ ਦੇ ਪਿੱਛੇ ਅਸਲ ਵਿੱਚ ਕੌਣ ਹੈ?

ਸਾਵਧਾਨ ਰਹੋ ਅਤੇ ਸੰਭਾਵੀ ਘਪਲੇ ਕਰਨ ਵਾਲਿਆਂ ਲਈ ਚੌਕਸ ਰਹੋ ਜਿਹੜੇ ਤੁਹਾਡੇ ਰੋਮਾਂਟਿਕ ਅਤੇ ਤਰਸਵਾਨ ਪਾਸੇ ਨੂੰ ਭਾ ਕੇ ਤੁਹਾਡੀ ਰੱਖਿਆ ਨੂੰ ਘਟਾਉਣ ਦੀ ਕੋਸ਼ਿਸ਼ ਕਰਨਗੇ। ਉਹ ਲੋਕਪ੍ਰਿਯ, ਅਸਲੀ ਡੇਟਿੰਗ ਸਾਇਟਾਂ ਦੇ ਨਾਲ ਨਾਲ ਨਕਲੀ ਸਾਇਟਾਂ ਤੇ ਤੁਹਾਨੂੰ ਸ਼ਿਕਾਰ ਬਣਾ ਸਕਦੇ ਹਨ।

ਇੱਕ ਅਸਲੀ ਡੇਟਿੰਗ ਸਾਇਟ ਤੇ, ਇੱਕ ਘਪਲਾ ਕਰਨ ਵਾਲਾ ਤੁਹਾਨੂੰ ਕੁਝ ਸੁਨੇਹੇ ਅਤੇ ਆਪਣੀ ਜਾਂ ਕਿਸੇ ਅਜਿਹੇ ਵਿਅਕਤੀ ਦੀ ਇੱਕ ਚੰਗੀ-ਦਿਖਣ ਵਾਲੀ ਫੋਟੋ ਭੇਜ ਸਕਦੇ ਹਨ ਜਿਸ ਦਾ ਉਹ ਹੋਣ ਦਾ ਦਾਅਵਾ ਕਰਦੇ ਹਨ। ਇੱਕ ਵਾਰੀ ਜਦੋਂ ਤੁਸੀਂ ਮੋਹਿਤ ਹੋ ਜਾਂਦੇ ਹੋ, ਉਹ ਤੁਹਾਨੂੰ ਪੈਸੇ ਭੇਜਣ ਲਈ ਕਹਿਣਾ ਸ਼ੁਰੂ ਕਰ ਦੇਣਗੇ। ਸੰਭਵ ਹੈ ਕਿ ਉਹ ਬਹੁਤ ਬਿਮਾਰ ਪਰਿਵਾਰਕ ਮੈਂਬਰ ਜਾਂ ਹਤਾਸ਼ ਸਥਿਤੀ ਹੋਣ ਦਾ ਦਾਅਵਾ ਕਰਨ ਜਿਸ ਦੇ ਨਾਲ ਉਨ੍ਹਾਂ ਨੂੰ ਤੁਹਾਡੀ ਮਦਦ ਦੀ ਲੋੜ ਹੈ। ਇੱਕ ਵਾਰੀ ਜਦੋਂ ਤੁਸੀਂ ਉਨ੍ਹਾਂ ਨੂੰ ਪੈਸੇ ਦੇ ਦਿੰਦੇ ਹੋ, ਉਹ ਅਕਸਰ ਗਾਇਬ ਹੋ ਜਾਂਦੇ ਹਨ।

ਇੱਕ ਘਪਲਾ ਕਰਨ ਵਾਲਾ ਇੱਕ ਨਕਲੀ ਡੇਟਿੰਗ ਸਾਇਟ ਵੀ ਬਣਾ ਸਕਦਾ ਹੈ ਜਿਥੇ ਤੁਸੀਂ ਹਰੇਕ ਭੇਜੇ ਅਤੇ ਪ੍ਰਾਪਤ ਕੀਤੇ ਗਏ ਸੁਨੇਹੇ ਵਾਸਤੇ ਭੁਗਤਾਨ ਕਰਦੇ ਹੋ। ਤੁਹਾਨੂੰ ਵਾਪਸ ਲਿਖਦੇ ਅਤੇ ਭੁਗਤਾਨ ਕਰਦੇ ਰਹਿਣਾ ਰੱਖਣ ਲਈ, ਘਪਲਾ ਕਰਨ ਵਾਲਾ ਤੁਹਾਡੇ ਲਈ ਉਨ੍ਹਾਂ ਦੇ ਪਿਆਰ ਅਤੇ ਚਾਹ ਬਾਰੇ ਅਸਪਸ਼ਟ ਈਮੇਲਾਂ ਦੇ ਨਾਲ ਤੁਹਾਨੂੰ ਫਸਾ ਸਕਦਾ ਹੈ।

ਅਨੇਕ ਕੇਸਾਂ ਵਿੱਚ, ਘਪਲਾ ਕਰਨ ਵਾਲਾ ਉਨ੍ਹਾਂ ਦੇ ਘਪਲੇ ਨੂੰ ਹੋਰ ਜਿਆਦਾ ਵਿਸ਼ਵਾਸਯੋਗ ਦਰਸ਼ਾਉਣ ਦੇ ਲਈ ਤੁਹਾਡੇ ਨਾਲ ਸਾਖਿਆਤ ਮਿਲਣ ਦਾ ਬੰਦੋਬਸਤ ਵੀ ਕਰ ਸਕਦਾ ਹੈ।

### ਆਪਣੀ ਰੱਖਿਆ ਕਰਨ ਲਈ ਸੁਝਾਅ:

- ਕਦੇ ਵੀ ਡੇਟਿੰਗ ਸਾਇਟ ਤੇ ਪੈਸੇ ਨਾ ਭੇਜੋ ਜਾਂ ਮਾਲੀ ਤਫਸੀਲਾਂ ਨਾ ਦਿਓ।
- ਆਪਣੀਆਂ ਅੰਤਰਪ੍ਰੇਰਣਾਵਾਂ ਤੇ ਭਰੋਸਾ ਕਰੋ, ਸਵਾਲ ਪੁੱਛੋ ਅਤੇ ਸਾਇਨ ਅਪ ਕਰਨ ਤੋਂ ਪਹਿਲਾਂ ਸ਼ਰਤਾਂ ਅਤੇ ਨਿਬੰਧਨਾਂ ਨੂੰ ਧਿਆਨ ਨਾਲ ਪੜ੍ਹੋ।
- ਜਾਣੋ ਕਿ ਕਿਹੜੀਆਂ ਸੇਵਾਵਾਂ ਮੁਫਤ ਹਨ, ਕਿਹੜੀਆਂ ਲਈ ਲਾਗਤ ਹੈ ਅਤੇ ਤੁਹਾਡਾ ਅਕਾਉਂਟ ਰੱਦ ਕਰਨ ਲਈ ਕੀ ਕਰਨਾ ਪੈਂਦਾ ਹੈ।
- ਸੁਨਿਸ਼ਚਿਤ ਕਰੋ ਕਿ ਤੁਸੀਂ ਸਿਰਫ ਅਸਲੀ ਅਤੇ ਪ੍ਰਤਿਸ਼ਠਾਵਾਨ ਡੇਟਿੰਗ ਸਾਇਟਾਂ ਹੀ ਵਰਤਦੇ ਹੋ। ਵੈੱਬਸਾਇਟ ਪਤਿਆਂ ਨੂੰ ਹਮੇਸ਼ਾ ਧਿਆਨ ਨਾਲ ਜਾਂਚੋ, ਕਿਉਂਕਿ ਘਪਲੇ ਕਰਨ ਵਾਲੇ ਅਸਲੀ ਵੈੱਬ ਪਤਿਆਂ ਦੀ ਨਕਲ ਕਰਦੇ ਹਨ।
- ਯਾਦ ਰੱਖੋ ਕਿ ਇਸ ਗੱਲ ਦੀ ਬਹੁਤ ਹੀ ਘੱਟ ਸੰਭਾਵਨਾ ਹੈ ਕਿ ਕੋਈ ਵਿਅਕਤੀ ਕੁਝ ਹੀ ਚਿੱਠੀਆਂ, ਈਮੇਲਾਂ, ਫੋਨ ਕਾਲਾਂ ਜਾਂ ਤਸਵੀਰਾਂ ਤੋਂ ਬਾਅਦ ਕਿਸੇ ਨੂੰ ਆਪਣੇ ਅਮਿਟ ਪਿਆਰ ਦਾ ਐਲਾਨ ਕਰੇਗਾ।

**ਜੇ ਤੁਹਾਨੂੰ ਘਪਲੇ ਦਾ ਸ਼ੱਕ ਹੈ, ਤਾਂ ਹਮੇਸ਼ਾ ਉਸਦੀ ਰਿਪੋਰਟ ਕਰੋ।**

ਹੋਰ ਜਾਣਕਾਰੀ ਦੇ ਲਈ ਸਫੇ 19 ਅਤੇ 20 ਤੇ ਜਾਓ।




# ਕਾਰੋਬਾਰ ਸੰਬੰਧੀ ਸਕੈਮ

## ਕਾਰੋਬਾਰਾਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਸਕੀਮਾਂ ਬਾਰੇ ਅੱਪ ਟੂ ਡੇਟ ਰਹੋ!

ਕਿਸੇ ਵੀ ਸਾਈਜ਼ ਦੀਆਂ ਸੰਸਥਾਵਾਂ ਚਾਲਾਕ ਘਪਲਿਆਂ ਦੁਆਰਾ ਠੱਗੀਆਂ ਜਾ ਸਕਦੀਆਂ ਹਨ, ਇਸ ਕਰਕੇ ਯਕੀਨੀ ਬਣਾਓ ਕਿ ਤੁਸੀਂ ਉਨ੍ਹਾਂ ਬਾਰੇ ਜਾਣਦੇ ਹੋ।

ਇੱਕ ਆਮ ਘਪਲਾ ਡਾਇਰੈਕਟਰੀ ਸਕੈਮ ਹੈ। ਇੱਕ ਘਪਲਾ ਕਰਨ ਵਾਲਾ ਤੁਹਾਡੀ ਕੰਪਨੀ ਨੂੰ ਰਸਾਲੇ, ਜਰਨਲ ਜਾਂ ਬਿਜ਼ਨਸ ਡਾਇਰੈਕਟਰੀ ਵਿੱਚ ਜਾਂ ਇੱਕ ਆਨਲਾਇਨ ਡਾਇਰੈਕਟਰੀ ਵਿੱਚ ਲਿਸਟਿੰਗ ਜਾਂ ਵਿਗਿਆਪਨ ਲਈ ਪ੍ਰਸਤਾਵ ਭੇਜਦਾ ਹੈ। ਉਹ ਪਤਾ ਅਤੇ ਦੂਸਰੀਆਂ ਤਫਸੀਲਾਂ ਦੀ ਪੁਸ਼ਟੀ ਕਰਨ ਲਈ ਫੋਨ ਕਰਨਗੇ। ਫਿਰ ਅਕਾਊਂਟਿੰਗ ਵਿਭਾਗ ਬਿਲ ਪ੍ਰਾਪਤ ਕਰੇਗਾ ਅਤੇ ਉਸਦਾ ਭੁਗਤਾਨ ਕਰੇਗਾ, ਇਸ ਤੋਂ ਅਣਜਾਣ ਕਿ ਤੁਹਾਡੀ ਕੰਪਨੀ ਨੇ ਅਸਲ ਵਿੱਚ ਸਰਵਿਸ ਨੂੰ ਕਦੇ ਆਰਡਰ ਜਾਂ ਅਧਿਕਰਿਤ ਹੀ ਨਹੀਂ ਕੀਤਾ ਸੀ।

ਇੱਕ ਹੋਰ ਆਮ ਘਪਲਾ ਸਿਹਤ ਅਤੇ ਸੁਰੱਖਿਆ ਉਤਪਾਦਾਂ ਸੰਬੰਧੀ ਸਕੈਮ ਹੈ। ਤੁਸੀਂ ਸੂਬਾਈ ਸਰਕਾਰ ਤੋਂ ਹੋਣ ਦਾ ਦਾਅਵਾ ਕਰਨ ਵਾਲੇ ਕਿਸੇ ਵਿਅਕਤੀ ਕੋਲੋਂ ਫੋਨ ਕਾਲ ਪ੍ਰਾਪਤ ਕਰ ਸਕਦੇ ਹੋ, ਤੁਹਾਨੂੰ ਇਹ ਦਸਦੇ ਹੋਏ ਕਿ ਤੁਹਾਡੀਆਂ ਫਸਟ-ਏਡ ਕਿਟਾਂ ਨੂੰ ਬਦਲਣ ਦੀ ਲੋੜ ਹੈ ਜਾਂ ਤੁਹਾਨੂੰ ਤੁਹਾਡੀ ਕੰਪਨੀ ਦੀ ਸਿਹਤ ਅਤੇ ਸੁਰੱਖਿਆ ਸਿਖਲਾਈ ਨੂੰ ਅੱਪਡੇਟ ਕਰਨਾ ਹੈ। ਦੋਵੇਂ ਕੇਸਾਂ ਵਿੱਚ, ਤੁਹਾਨੂੰ ਜਲਦੀ ਕਾਰਵਾਈ ਕਰਨ ਲਈ ਕਿਹਾ ਜਾ ਸਕਦਾ ਹੈ।

ਇੱਕ ਹੋਰ ਸੰਭਵ ਘਪਲਾ ਆਫਿਸ ਸਪਲਾਈ ਸਕੈਮ ਹੈ, ਜਿਸ ਵਿੱਚ ਤੁਹਾਡੇ ਦੁਆਰਾ ਉਹ ਚੀਜ਼ਾਂ ਪ੍ਰਾਪਤ ਕਰਨਾ ਅਤੇ ਉਨ੍ਹਾਂ ਲਈ ਚਾਰਜ ਕੀਤੇ ਜਾਣਾ ਸ਼ਾਮਲ ਹੈ, ਜਿੰਨਾਂ ਨੂੰ ਤੁਸੀਂ ਆਰਡਰ ਨਹੀਂ ਕੀਤਾ।

ਅਨੇਕ ਕੇਸਾਂ ਵਿੱਚ, ਘਪਲੇ ਕਰਨ ਵਾਲੇ ਉਹ ਰਕਮ ਚੁਕਾਉਣ ਵਾਸਤੇ ਤੁਹਾਡਾ ਪਿੱਛੇ ਕਰਨਗੇ ਜਿਹੜੀ ਉਹ ਦਾਅਵਾ ਕਰਦੇ ਹਨ ਕਿ ਤੁਹਾਡੇ ਵਲੋਂ ਬਕਾਇਆ ਹੈ। ਉਹ ਇਹ ਮੰਨਣ ਲਈ ਵੀ ਤੁਹਾਨੂੰ ਚਕਮਾ ਦੇਣਗੇ ਕਿ ਉਹ ਕਲੈਕਸ਼ਨ ਏਜੰਸੀ ਨੂੰ ਤੁਹਾਡੀ ਰਿਪੋਰਟ ਕਰ ਦੇਣਗੇ।

### ਆਪਣੀ ਰੱਖਿਆ ਕਰਨ ਲਈ ਸੁਝਾਅ:

- ਆਪਣੇ ਆਪ, ਆਪਣੇ ਕਰਮਚਾਰੀਆਂ ਅਤੇ ਆਪਣੇ ਸਹਿ-ਕਰਮੀਆਂ ਨੂੰ ਬੋਲੇਫ਼ੀਆਂ ਕਾਲਾਂ ਬਾਰੇ ਸਤਰਕ ਹੋਣਾ ਸਿਖਾਓ।
- ਤੁਹਾਡੇ ਕਾਰੋਬਾਰ ਦੁਆਰਾ ਆਮਤੌਰ ਤੇ ਵਰਤੀਆਂ ਜਾਣ ਵਾਲੀਆਂ ਕੰਪਨੀਆਂ ਦੀ ਸੂਚੀ ਬਣਾਓ।
- ਖਰੀਦਾਂ ਨੂੰ ਮਨਜ਼ੂਰੀ ਦੇ ਸਕਣ ਅਤੇ ਬਿਲਾਂ ਦਾ ਭੁਗਤਾਨ ਕਰ ਸਕਣ ਵਾਲੇ ਸਟਾਫ ਦੀ ਸੰਖਿਆ ਨੂੰ ਸੀਮਿਤ ਕਰੋ।
- ਅਕਾਉਂਟਾਂ ਅਤੇ ਬਿਲਾਂ ਦੀ ਤਸਦੀਕ, ਭੁਗਤਾਨ ਅਤੇ ਪ੍ਰਬੰਧ ਦੇ ਲਈ ਬਿਧੀਆਂ ਨੂੰ ਸਪਸ਼ਟ ਤੌਰ ਤੇ ਪਰਿਭਾਸ਼ਿਤ ਕਰੋ।
- ਆਪਣੇ ਕਾਨੂੰਨੀ ਫ਼ਰਜ਼ਾਂ ਬਾਰੇ ਜਾਣਨ ਦੇ ਲਈ ਆਪਣੇ ਸੂਬੇ ਦੇ ਰੈਗੂਲੇਟਰ ਨਾਲ ਸੰਪਰਕ ਕਰੋ।
- ਆਪਣੇ ਬਿਲਾਂ ਨੂੰ ਅਸਲੀ ਦਰਸ਼ਾਉਣ ਦੇ ਲਈ ਘਪਲੇ ਕਰਨ ਵਾਲੇ ਮਲੂਮ ਕੰਪਨੀਆਂ ਦੇ ਨਾਮਾਂ ਜਾਂ ਲੋਗੋਆਂ ਦੇ ਨਾਲ ਮਿਲਦੇ ਜੁਲਦੇ ਨਾਮ ਜਾਂ ਲੋਗੋ ਵਰਤਣਗੇ। ਕੋਈ ਵੀ ਭੁਗਤਾਨ ਕਰਨ ਤੋਂ ਪਹਿਲਾਂ ਧਿਆਨ ਦੇ ਨਾਲ ਬਿਲਾਂ ਦੀ ਜਾਂਚ ਕਰੋ।

**ਜੇ ਤੁਹਾਨੂੰ ਘਪਲੇ ਦਾ ਸ਼ੱਕ ਹੈ, ਤਾਂ ਹਮੇਸ਼ਾ ਉਸਦੀ ਰਿਪੋਰਟ ਕਰੋ।**

ਹੋਰ ਜਾਣਕਾਰੀ ਦੇ ਲਈ ਸਫੇ 19 ਅਤੇ 20 ਤੇ ਜਾਓ।



# ਫਿਸ਼ਿੰਗ (Phishing) ਅਤੇ ਸਮਿਸ਼ਿੰਗ (smishing) ਸਕੈਮ

## ਸਤਰਕ ਰਹੋ। ਸੁਨੇਹਿਆਂ ਨੂੰ ਅਸਾਨੀ ਨਾਲ ਬਣਾਇਆ ਜਾ ਸਕਦਾ ਹੈ!

ਜਿਵੇਂ ਅਸੀਂ ਜਿਆਦਾ ਸਮਾਂ ਆਨਲਾਇਨ ਬਿਤਾਉਂਦੇ ਹਾਂ, ਘਪਲੇ ਕਰਨ ਵਾਲੇ ਡਿਜੀਟਲ ਸਪੇਸ ਵਿੱਚ ਘਪਲਿਆਂ ਦੇ ਨਾਲ ਹੋਰ ਜਿਆਦਾ ਸਿਰਜਣਾਤਮਕ ਹੋ ਰਹੇ ਹਨ।

ਫਿਸ਼ਿੰਗ ਉਸ ਵੇਲੇ ਹੁੰਦੀ ਹੈ ਜਦੋਂ ਤੁਹਾਨੂੰ ਇੱਕ ਬੇਲੋੜੀ ਈਮੇਲ ਪ੍ਰਾਪਤ ਹੁੰਦੀ ਹੈ ਜਿਹੜੀ ਇੱਕ ਜਾਇਜ਼ ਸੰਸਥਾ, ਜਿਵੇਂ ਕਿ ਵਿੱਤੀ ਸੰਸਥਾਵਾਂ, ਕਾਰੋਬਾਰਾਂ ਜਾਂ ਸਰਕਾਰੀ ਏਜੰਸੀਆਂ ਤੋਂ ਹੋਣ ਦਾ ਦਾਅਵਾ ਕਰਦੀ ਹੈ। ਘਪਲੇ ਕਰਨ ਵਾਲੇ ਤੁਹਾਨੂੰ ਈਮੇਲ ਰਾਹੀਂ ਜਾਂ ਇੱਕ ਵੈੱਬ ਲਿੰਕ ਤੇ ਕਲਿਕ ਕਰਕੇ, ਨਿਜੀ ਜਾਂ ਵਿੱਤੀ ਜਾਣਕਾਰੀ, ਜਿਵੇਂ ਕਿ ਤੁਹਾਡਾ ਕ੍ਰੈਡਿਟ ਕਾਰਡ ਨੰਬਰ, ਤੁਹਾਡੇ ਪਾਸਵਰਡ ਅਤੇ ਸੋਸ਼ਲ ਇੰਸ਼ੋਰੈਂਸ ਨੰਬਰ, ਦੇਣ ਜਾਂ ਉਸ ਨੂੰ ਪ੍ਰਮਾਣਿਤ ਕਰਨ ਲਈ ਕਹਿੰਦੇ ਹਨ।

ਸਮਿਸ਼ਿੰਗ ਉਹੋ ਚੀਜ਼ ਹੈ, ਸਿਵਾਇ ਇਸਦੇ ਕਿ ਉਹ ਟੈਕਸਟ ਮੈਸੇਜਾਂ ਰਾਹੀਂ ਵਾਪਰਦੀ ਹੈ।

ਇਹ ਸੁਨੇਹੇ ਅਕਸਰ ਤੁਹਾਡੇ ਦੁਆਰਾ ਭਰੋਸਾ ਕੀਤੇ ਜਾਣ ਵਾਲੀਆਂ ਸੰਸਥਾਵਾਂ ਦੇ ਲਹਿਜੇ ਅਤੇ ਲੋਗੋ ਦੀ ਨਕਲ ਕਰਦੇ ਹਨ, ਅਤੇ ਆਮਤੌਰ ਤੇ ਇੰਨ੍ਹਾਂ ਵਿੱਚ ਕਾਰਵਾਈ ਕਰਨ ਦਾ ਸੱਦਾ ਹੁੰਦਾ ਹੈ।

ਇਹ ਬਹੁਤ ਸਾਰੇ ਆਕਾਰ ਅਤੇ ਸਰੂਪ ਲੈਂਦੇ ਹਨ ਪਰ ਸਭ ਤੋਂ ਮਹੱਤਵਪੂਰਨ ਚੀਜ਼ ਇਹ ਹੈ ਕਿ ਉਹ ਤੁਹਾਡੇ ਨਿਜੀ ਵੇਰਵੇ ਮੰਗਦੇ ਹਨ।

### ਆਪਣੀ ਰੱਖਿਆ ਕਰਨ ਲਈ ਸੁਝਾਅ:

- ਜਾਣੋ ਕਿ ਪ੍ਰਤਿਸ਼ਠਾਵਾਨ ਸੰਸਥਾਵਾਂ ਕਦੇ ਵੀ ਤੁਹਾਡੀ ਜਾਣਕਾਰੀ ਈਮੇਲ ਜਾਂ ਟੈਕਸਟ ਰਾਹੀਂ ਨਹੀਂ ਮੰਗਣਗੀਆਂ।
- ਅਣਜਾਣ ਸੰਪਰਕਾਂ ਤੋਂ ਸੰਚਾਰਾਂ ਨੂੰ ਨਜ਼ਰਅੰਦਾਜ਼ ਕਰੋ।
- ਸੰਦਿਗਧ ਸੁਨੇਹਿਆਂ ਨੂੰ ਡੀਲੀਟ ਕਰੋ ਕਿਉਂਕਿ ਉਨ੍ਹਾਂ ਵਿੱਚ ਵਾਇਰਸ ਹੋ ਸਕਦੇ ਹਨ।
- ਸਪੈਮ ਸੁਨੇਹਿਆਂ ਦਾ ਜਵਾਬ ਨਾ ਦਿਓ, ਅਨਸਬਸਕ੍ਰਾਇਬ ਕਰਨ ਲਈ ਵੀ ਨਹੀਂ, ਅਤੇ ਕੋਈ ਵੀ ਅਟੈਚਮੈਂਟਾਂ ਨਾ ਖੋਲ੍ਹੋ ਜਾਂ ਲਿੰਕਾਂ ਨੂੰ ਫੌਲੋ ਨਾ ਕਰੋ।
- ਕਲਿਕ ਕੀਤੇ ਬਿਨਾਂ ਹਾਈਪਰਲਿੰਕ ਦੀ ਪੜਤਾਲ ਕਰਨ ਵਾਸਤੇ, ਆਪਣੇ ਮਾਊਸ ਨੂੰ ਉਸ ਦੇ ਉੱਪਰ ਮੰਡਲਾਉ। ਧਿਆਨ ਨਾਲ ਜਾਂਚੋ ਜਿ ਉਹ ਸਹੀ ਹੈ।
- ਸਾਰੇ ਉਪਕਰਣਾਂ ਤੇ ਆਪਣੇ ਐਂਟੀਵਾਇਰਸ ਸੌਫਟਵੇਅਰ ਨੂੰ ਅੱਪਡੇਟ ਕਰੋ।
- ਕਦੇ ਵੀ ਸੰਦਿਗਧ ਸੁਨੇਹੇ ਵਿੱਚ ਦਿੱਤਾ ਗਿਆ ਫੋਨ ਨੰਬਰ ਜਾਂ ਈਮੇਲ ਨਾ ਵਰਤੋ - ਪ੍ਰਮਾਣਿਤ ਵੈੱਬਸਾਇਟਾਂ ਤੇ ਸੂਚੀਬੱਧ ਸੰਪਰਕ ਜਾਣਕਾਰੀ ਵਰਤੋ।

**ਜੇ ਤੁਹਾਨੂੰ ਘਪਲੇ ਦਾ ਸ਼ੱਕ ਹੈ, ਤਾਂ ਹਮੇਸ਼ਾ ਉਸਦੀ ਰਿਪੋਰਟ ਕਰੋ।**

ਹੋਰ ਜਾਣਕਾਰੀ ਦੇ ਲਈ ਸਫੇ 19 ਅਤੇ 20 ਤੇ ਜਾਓ।




# ਟੈਕਸ ਸਕੈਮ

## ਸੀਆਰਏ (CRA) ਕੋਲੋਂ ਕਾਲ ਜਾਂ ਈਮੇਲ ਪ੍ਰਾਪਤ ਹੋਈ ਹੈ? ਯਕੀਨੀ ਬਣਾਓ ਕਿ ਉਹ ਅਸਲੀ ਹੈ!

ਤੁਹਾਨੂੰ ਕੈਨੇਡਾ ਰੇਵਨਿਊ ਏਜੰਸੀ (ਸੀਆਰਏ) ਤੋਂ ਇਹ ਦਾਅਵਾ ਕਰਦਾ ਹੋਇਆ ਟੈਕਸਟ ਮੈਸੇਜ ਜਾਂ ਈਮੇਲ ਪ੍ਰਾਪਤ ਹੁੰਦੀ ਹੈ ਕਿ ਤੁਸੀਂ ਵਾਧੂ ਰਿਫੰਡ ਦੇ ਹੱਕਦਾਰ ਹੋ ਅਤੇ ਤੁਹਾਨੂੰ ਕੇਵਲ ਆਪਣੇ ਬੈਂਕਿੰਗ ਵੇਰਵੇ ਮੁਹੱਈਆ ਕਰਨ ਦੀ ਲੋੜ ਹੈ। ਚੌਕਸ ਰਹੋ - ਇਹ ਜੇ ਸੱਚ ਹੋਏ ਤਾਂ ਅਨੂਠੀ ਸਥਿਤੀ ਬਿਲਕੁਲ ਉਹੋ ਜਿਹੀ ਹੈ ਜਿਹੋ ਜਿਹਾ ਇੱਕ ਟੈਕਸ ਸਕੈਮ ਦਿਖਦਾ ਹੈ।

ਇੱਕ ਹੋਰ ਫੇਰਬਦਲ ਹੈ ਕਿ ਉਹ ਤੁਹਾਨੂੰ ਇਹ ਕਹਿਣ ਵਾਸਤੇ ਫੋਨ ਕਰਦੇ ਹਨ ਕਿ ਤੁਹਾਡੇ ਵਲੋਂ ਸੀਆਰਏ ਨੂੰ ਪੈਸੇ ਬਕਾਇਆ ਹਨ ਅਤੇ ਇਹ ਕਿ ਤੁਹਾਨੂੰ ਤੁਰੰਤ ਭੁਗਤਾਨ ਕਰਨ ਦੀ ਲੋੜ ਹੈ, ਨਹੀਂ ਤਾਂ ਉਹ ਪੁਲਿਸ ਨੂੰ ਤੁਹਾਡੀ ਰਿਪੋਰਟ ਕਰ ਦੇਣਗੇ।

ਕਿਸੇ ਵੀ ਕੇਸ ਵਿੱਚ, ਜੇ ਤੁਹਾਨੂੰ ਸੀਆਰਏ ਤੋਂ ਇਹ ਕਹਿੰਦੀ ਹੋਈ ਕਾਲ, ਚਿੱਠੀ, ਈਮੇਲ ਜਾਂ ਟੈਕਸਟ ਮੈਸੇਜ ਪ੍ਰਾਪਤ ਹੁੰਦਾ ਹੈ ਕਿ ਤੁਹਾਡੇ ਵਲੋਂ ਪੈਸੇ ਬਕਾਇਆ ਹਨ, ਤੁਸੀਂ "ਮਾਏ ਅਕਾਉਂਟ" ਦੇ ਰਾਹੀਂ ਆਨਲਾਇਨ ਦੁਬਾਰਾ ਜਾਂਚ ਸਕਦੇ ਹੋ ਜਾਂ 1-800-959-8281 ਤੇ ਫੋਨ ਕਰ ਸਕਦੇ ਹੋ।

### ਆਪਣੀ ਰੱਖਿਆ ਕਰਨ ਲਈ ਸੁਝਾਅ:

ਸੀਆਰਏ (CRA) ਕਦੇ ਵੀ:

- ਆਕ੍ਰਾਮਕ ਜਾਂ ਧਮਕਾਉਣ ਵਾਲੀ ਭਾਸ਼ਾ ਨਹੀਂ ਵਰਤੇਗੀ।
- ਤੁਹਾਨੂੰ ਗਿਰਫਤਾਰੀ ਨਾਲ ਨਹੀਂ ਧਮਕਾਏਗੀ ਜਾਂ ਪੁਲਿਸ ਨਹੀਂ ਭੇਜੇਗੀ।
- ਪ੍ਰੀਪੇਡ ਕ੍ਰੈਡਿਟ ਕਾਰਡਾਂ, ਜਾਂ ਗਿਫਟ ਕਾਰਡਾਂ ਜਿਵੇਂ ਕਿ ਆਈਟਯੂਨਜ਼, ਹੋਮ ਡੀਪੋ, ਆਦਿ ਰਾਹੀਂ ਭੁਗਤਾਨਾਂ ਦੀ ਮੰਗ ਨਹੀਂ ਕਰੇਗੀ।
- ਇੰਟਰਐਕ ਈ-ਟ੍ਰਾਂਸਫਰ ਰਾਹੀਂ ਭੁਗਤਾਨ ਇਕੱਠੇ ਨਹੀਂ ਕਰੇਗੀ ਜਾਂ ਵੰਡੇਗੀ ਨਹੀਂ।
- ਕੋਈ ਵੀ ਹਾਲਾਤਾਂ ਹੇਠ ਗੱਲਬਾਤ ਕਰਨ ਲਈ ਟੈਕਸਟ ਮੈਸੇਜ ਨਹੀਂ ਵਰਤੇਗੀ।

ਸੀਆਰਏ (CRA) ਕੋਲੋਂ ਈਮੇਲਾਂ:

- ਕਦੇ ਵੀ ਵਿੱਤੀ ਜਾਣਕਾਰੀ ਨਹੀਂ ਮੰਗਦੀਆਂ।
- ਕਦੇ ਵੀ ਵਿੱਤੀ ਜਾਣਕਾਰੀ ਮੁਹੱਈਆ ਨਹੀਂ ਕਰਦੀਆਂ।

ਸੀਆਰਏ (CRA) ਦੇ ਭੁਗਤਾਨ ਦੇ ਸਵੀਕ੍ਰਿਤ ਢੰਗ ਹਨ:

- ਆਨਲਾਇਨ ਬੈਂਕਿੰਗ।
- ਡੈਬਿਟ ਕਾਰਡ।
- ਪ੍ਰੀ-ਔਥਰਾਇਜ਼ਡ ਡੈਬਿਟ।

**ਜੇ ਤੁਹਾਨੂੰ ਘਪਲੇ ਦਾ ਸ਼ੱਕ ਹੈ, ਤਾਂ ਹਮੇਸ਼ਾ ਉਸਦੀ ਰਿਪੋਰਟ ਕਰੋ।**

ਹੋਰ ਜਾਣਕਾਰੀ ਦੇ ਲਈ ਸਫੇ 19 ਅਤੇ 20 ਤੇ ਜਾਓ।




# ਡੋਰ-ਟੂ-ਡੋਰ ਸਕੈਮ

## ਨੋਕ, ਨੋਕ! ਕੌਣ ਹੈ? ਇੱਕ ਘਪਲਾ ਕਰਨ ਵਾਲਾ!

ਡਿਜੀਟਲ ਯੁੱਗ ਵਿੱਚ ਰਹਿਣ ਦੇ ਬਾਵਜੂਦ, ਹਲੇ ਵੀ ਅਜਿਹੇ ਕਈ ਪੁਰਾਣੇ ਘਪਲੇ ਹਨ ਜਿਹੜੇ ਸਿੱਧੇ ਤੁਹਾਡੇ ਦਰਵਾਜ਼ੇ ਤੇ ਆ ਜਾਂਦੇ ਹਨ, ਤੁਹਾਡੇ ਅਤੇ ਤੁਹਾਡੇ ਕਾਰੋਬਾਰ ਲਈ ਖਤਰਾ ਬਣਦੇ ਹੋਏ। ਇਸ ਚਾਲ ਦੇ ਨਾਲ, ਦਰਵਾਜ਼ੇ ਤੋਂ ਦਰਵਾਜ਼ੇ ਤੱਕ ਜਾਣ ਵਾਲੇ ਸੇਲਜ਼ਪਰਸਨ ਤੁਹਾਨੂੰ ਅਜਿਹਾ ਉਤਪਾਦ ਖਰੀਦਣ ਜਾਂ ਅਜਿਹੀ ਸੇਵਾ ਵਾਸਤੇ ਸਾਇਨ ਅਪ ਕਰਨ ਵਾਸਤੇ ਮਨਾਉਣ ਲਈ ਉੱਚ -ਦਬਾਅ ਵਾਲੀਆਂ ਤਰਕੀਬਾਂ ਵਰਤਦੇ ਹਨ, ਜੋ ਤੁਸੀਂ ਨਹੀਂ ਚਾਹੁੰਦੇ ਜਾਂ ਜਿਸ ਦੀ ਲੋੜ ਤੁਹਾਨੂੰ ਨਹੀਂ ਹੁੰਦੀ।

ਇਹ ਆਕ੍ਰਮਕ ਪਿੱਚ ਅਕਸਰ ਖੈਰਾਤੀ ਦਾਨਾਂ, ਨਿਵੇਸ਼ ਸੰਬੰਧੀ ਮੌਕਿਆਂ ਜਾਂ ਘਰੇਲੂ ਸੇਵਾਵਾਂ ਅਤੇ ਵੱਖ ਵੱਖ ਉਪਕਰਣਾਂ, ਜਿਵੇਂ ਕਿ ਪਾਣੀ ਦੇ ਹੀਟਰ, ਫਰਨੇਸਾਂ ਅਤੇ ਏਅਰ ਕੰਡੀਸ਼ਨਰਾਂ, ਦੇ ਰੱਖ-ਰਖਾਅ ਵਾਸਤੇ ਹੁੰਦੇ ਹਨ।

ਅਨੇਕ ਕੇਸਾਂ ਵਿੱਚ, ਤੁਸੀਂ ਕਦੇ ਵੀ ਵਾਅਦਾ ਕੀਤਾ ਉਤਪਾਦ ਜਾਂ ਸੇਵਾ ਪ੍ਰਾਪਤ ਨਹੀਂ ਕਰੋਗੇ। ਦੂਸਰਿਆਂ ਵਿੱਚ, ਉਤਪਾਦ ਜਾਂ ਸੇਵਾਵਾਂ ਮਾੜੀ ਕੁਆਲਿਟੀ ਦੀਆਂ ਜਾਂ ਪ੍ਰਸਤੁਤ ਕੀਤੇ ਅਨੁਸਾਰ ਨਹੀਂ ਹੁੰਦੀਆਂ।

### ਆਪਣੀ ਰੱਖਿਆ ਕਰਨ ਲਈ ਸੁਝਾਅ:

- ਜਲਦੀ ਫੈਸਲਾ ਕਰਨ ਵਾਸਤੇ ਦਬਾਅ ਹੇਠ ਮਹਿਸੂਸ ਨਾ ਕਰੋ – ਪਹਿਲਾਂ ਵੇਚਣ ਵਾਲੇ ਅਤੇ ਉਤਪਾਦਾਂ ਬਾਰੇ ਕੁਝ ਖੋਜ ਕਰਨ ਲਈ ਸਮਾਂ ਕੱਢੋ।
- ਫੋਟੋ ਆਈਡੀ ਮੰਗੋ, ਵਿਅਕਤੀ ਦਾ ਨਾਮ ਅਤੇ ਉਨ੍ਹਾਂ ਦੁਆਰਾ ਨੁਮਾਇੰਦਗੀ ਕੀਤੇ ਜਾਣ ਵਾਲੀ ਕੰਪਨੀ ਜਾਂ ਚੈਰਿਟੀ ਦਾ ਨਾਮ ਪ੍ਰਾਪਤ ਕਰੋ।
- ਫੰਡ ਕਿਥੇ ਵੰਡੇ ਜਾਂਦੇ ਹਨ ਲਈ ਚੈਰਿਟੀ ਦਾ ਬ੍ਰੇਕਡਾਉਨ ਮੰਗੋ। ਇਸ ਨੂੰ ਲਿਖਤੀ ਰੂਪ ਵਿੱਚ ਪ੍ਰਾਪਤ ਕਰਨਾ ਯਕੀਨੀ ਬਣਾਓ।
- ਕਦੇ ਵੀ ਕੋਈ ਨਿਜੀ ਜਾਣਕਾਰੀ ਜਾਂ ਕੋਈ ਵੀ ਬਿਲਾਂ ਜਾਂ ਵਿੱਤੀ ਸਟੇਟਮੈਂਟਾਂ ਦੀਆਂ ਕਾਪੀਆਂ ਸਾਂਝੀਆਂ ਨਾ ਕਰੋ।
- ਆਪਣੀ ਸੰਪਤੀ ਤੱਕ ਕੇਵਲ ਉਨ੍ਹਾਂ ਲੋਕਾਂ ਨੂੰ ਹੀ ਪਹੁੰਚ ਦੀ ਆਗਿਆ ਦਿਓ ਜਿੰਨਾਂ ਤੇ ਤੁਸੀਂ ਭਰੋਸਾ ਕਰਦੇ ਹੋ।
- ਨਿਵੇਸ਼ ਕਰਨ ਤੋਂ ਪਹਿਲਾਂ ਖੋਜ ਕਰੋ। ਕਿਸੇ ਵੀ ਚੀਜ਼ ਤੇ ਹਸਤਾਖਰ ਨਾ ਕਰੋ ਅਤੇ ਹਮੇਸ਼ਾ ਫਾਇਨ ਪ੍ਰਿੰਟ ਪੜ੍ਹੋ।
- ਆਪਣੇ ਹੱਕ ਜਾਣੋ। ਆਪਣੇ ਉਪਭੋਗਤਾ ਮਾਮਲਿਆਂ ਦੇ ਸਥਾਨਕ ਆਫਿਸ ਨੂੰ ਸੰਪਰਕ ਕਰੋ - ਜਿਆਦਾਤਰ ਸੂਬਿਆਂ ਅਤੇ ਪ੍ਰਦੇਸ਼ਾਂ ਦੀਆਂ ਉਨ੍ਹਾਂ ਦੇ ਕੰਜ਼ਿਊਮਰ ਸੁਰੱਖਿਆ ਐਕਟ ਹੇਠ ਸੇਧਾਂ ਹੁੰਦੀਆਂ ਹਨ।

**ਜੇ ਤੁਹਾਨੂੰ ਘਪਲੇ ਦਾ ਸ਼ੱਕ ਹੈ, ਤਾਂ ਹਮੇਸ਼ਾ ਉਸਦੀ ਰਿਪੋਰਟ ਕਰੋ।**

ਹੋਰ ਜਾਣਕਾਰੀ ਦੇ ਲਈ ਸਫੇ 19 ਅਤੇ 20 ਤੇ ਜਾਓ।




# ਐਮਰਜੈਂਸੀ ਸਕੈਮ

## ਸਨੇਹੀ ਨਾਨਾ-ਨਾਨੀ/ਦਾਦਾ -ਦਾਦੀ, ਬਹੁਤ ਜਲਦੀ ਕਾਰਵਾਈ ਨਾ ਕਰੋ!

ਐਮਰਜੈਂਸੀ ਸੰਬੰਧੀ ਘਪਲੇ ਆਮਤੌਰ ਤੇ ਪਿਆਰ ਕਰਨ ਵਾਲੇ ਨਾਨਾ-ਨਾਨੀ/ਦਾਦਾ -ਦਾਦੀ ਨੂੰ ਨਿਸ਼ਾਨਾ ਬਣਾਉਂਦੇ ਹਨ, ਉਨ੍ਹਾਂ ਕੋਲੋਂ ਉਨ੍ਹਾਂ ਦੇ ਪੈਸੇ ਲੁੱਟਣ ਲਈ ਉਨ੍ਹਾਂ ਦੀਆਂ ਭਾਵਨਾਵਾਂ ਦਾ ਫਾਇਦਾ ਉਠਾਉਂਦੇ ਹੋਏ।

ਆਮ ਘਪਲਾ ਨਾਨਾ-ਨਾਨੀ/ਦਾਦਾ -ਦਾਦੀ ਦੇ ਉਨ੍ਹਾਂ ਦਾ ਪੋਤਾ- ਪੋਤੀ/ਦੋਹਤਾ-ਦੋਹਤੀ ਹੋਣ ਦਾ ਦਾਅਵਾ ਕਰਦੇ ਹੋਏ ਵਿਅਕਤੀ ਕੋਲੋਂ ਫੋਨ ਕਾਲ ਪ੍ਰਾਪਤ ਕਰਕੇ ਸ਼ੁਰੂ ਹੁੰਦਾ ਹੈ। "ਪੋਤਾ-ਪੋਤੀ/ ਦੋਹਤਾ-ਦੋਹਤੀ" ਅਗੇ ਕਹਿੰਦਾ/ਕਹਿੰਦੀ ਹੈ ਕਿ ਉਹ ਮੁਸੀਬਤ ਵਿੱਚ ਹੈ - ਆਮ ਬਿਪਤਾਵਾਂ ਵਿੱਚ ਸ਼ਾਮਲ ਹਨ ਕਾਰ ਦੁਰਘਟਨਾ ਵਿੱਚ ਸ਼ਾਮਲ ਹੋਣਾ, ਜੇਲ ਵਿੱਚ ਬੰਦ ਕਰ ਦਿੱਤੇ ਜਾਣਾ ਜਾਂ ਵਿਦੇਸ਼ੀ ਦੇਸ਼ ਤੋਂ ਘਰ ਵਾਪਸ ਪਰਤਣ ਵਿੱਚ ਮੁਸ਼ਕਲ ਹੋਣਾ - ਅਤੇ ਉਨ੍ਹਾਂ ਨੂੰ ਤੁਰੰਤ ਪੈਸੇ ਚਾਹੀਦੇ ਹਨ।

ਫੋਨ ਕਰਨ ਵਾਲਾ ਤੁਹਾਨੂੰ ਸਵਾਲ ਪੁੱਛੇਗਾ, ਤੁਹਾਡੇ ਦੁਆਰਾ ਨਿਜੀ ਜਾਣਕਾਰੀ ਪ੍ਰਗਟ ਕਰਵਾਉਂਦੇ ਹੋਏ। ਉਹ ਤੁਹਾਡੇ ਕੋਲੋਂ ਗੋਪਨਿਯਤਾ ਦੀ ਸਹੁੰ ਵੀ ਚੁਕਵਾਉਣਗੇ, ਇਹ ਕਹਿੰਦੇ ਹੋਏ ਕਿ ਉਹ ਸ਼ਰਮਿੰਦਾ ਹਨ ਅਤੇ ਨਹੀਂ ਚਾਹੁੰਦੇ ਕਿ ਪਰਿਵਾਰ ਦੇ ਦੂਸਰੇ ਮੈਂਬਰਾਂ ਨੂੰ ਪਤਾ ਲਗੇ ਕਿ ਕੀ ਹੋਇਆ।

ਇਸ ਚਾਲ ਦੇ ਇੱਕ ਫੇਰਬਦਲ ਵਿੱਚ, ਫੋਨ ਤੇ ਦੋ ਵਿਅਕਤੀ ਹੋਣਾ ਸ਼ਾਮਲ ਹੈ, ਇੱਕ ਪੋਤਾ- ਪੋਤੀ/ ਦੋਹਤਾ-ਦੋਹਤੀ ਹੋਣ ਦਾ ਨਾਟਕ ਕਰਦਾ ਹੋਇਆ ਅਤੇ ਦੂਸਰਾ ਪੁਲਿਸ ਅਫਸਰ ਜਾਂ ਵਕੀਲ ਦਾ।

ਹੋਰ ਕੇਸਾਂ ਵਿੱਚ, ਘਪਲਾ ਕਰਨ ਵਾਲਾ ਮੁਸੀਬਤ ਵਿੱਚ ਹੋਣ ਵਾਲੇ ਪੁਰਾਣਾ ਗੁਆਂਢੀ ਜਾਂ ਪਰਿਵਾਰਕ ਦੋਸਤ ਹੋਣ ਦਾ ਨਾਟਕ ਕਰੇਗਾ।

### ਆਪਣੀ ਰੱਖਿਆ ਕਰਨ ਲਈ ਸੁਝਾਅ:

- ਕਹਾਣੀ ਦੀ ਪੜਤਾਲ ਕਰਨ ਲਈ ਸਮਾਂ ਲਓ। ਘਪਲਾ ਕਰਨ ਵਾਲੇ ਐਮਰਜੈਂਸੀ ਵਿੱਚ ਆਪਣੇ ਪਿਆਰੇ ਦੀ ਜਲਦੀ ਸਹਾਇਤਾ ਕਰਨ ਦੀ ਤੁਹਾਡੀ ਚਾਹ ਤੇ ਭਰੋਸਾ ਕਰਦੇ ਹਨ।
- ਬੱਚੇ ਦੇ ਮਾਤਾ-ਪਿਤਾ ਜਾਂ ਦੋਸਤਾਂ ਨੂੰ ਉਨ੍ਹਾਂ ਦਾ ਅਤਾ-ਪਤਾ ਜਾਣਨ ਲਈ ਫੋਨ ਕਰੋ।
- ਫੋਨ ਕਰਨ ਵਾਲੇ ਵਿਅਕਤੀ ਨੂੰ ਅਜਿਹੇ ਸਵਾਲ ਪੁੱਛੋ ਜਿੰਨਾਂ ਦੇ ਜਵਾਬ ਕੇਵਲ ਤੁਹਾਡਾ ਪਿਆਰਾ ਹੀ ਦੇ ਸਕੇਗਾ ਅਤੇ ਸਹਾਇਤਾ ਕਰਨ ਲਈ ਕਦਮ ਚੁੱਕਣ ਤੋਂ ਪਹਿਲਾਂ ਉਨ੍ਹਾਂ ਦੀ ਪਛਾਣ ਦੀ ਪੜਤਾਲ ਕਰੋ।
- ਕਦੇ ਵੀ ਕਿਸੇ ਅਜਿਹੇ ਵਿਅਕਤੀ ਨੂੰ ਪੈਸੇ ਨਾ ਭੇਜੋ ਜਿਸ ਨੂੰ ਤੁਸੀਂ ਜਾਣਦੇ ਨਹੀਂ ਅਤੇ ਜਿਸ ਤੇ ਭਰੋਸਾ ਨਹੀਂ ਕਰਦੇ।
- ਫੋਨ ਕਰਨ ਵਾਲੇ ਨੂੰ ਕਦੇ ਵੀ ਕੋਈ ਨਿਜੀ ਜਾਣਕਾਰੀ ਨਾ ਦਿਓ।

**ਜੇ ਤੁਹਾਨੂੰ ਘਪਲੇ ਦਾ ਸ਼ੱਕ ਹੈ, ਤਾਂ ਹਮੇਸ਼ਾ ਉਸਦੀ ਰਿਪੋਰਟ ਕਰੋ।**

ਹੋਰ ਜਾਣਕਾਰੀ ਦੇ ਲਈ ਸਫੇ 19 ਅਤੇ 20 ਤੇ ਜਾਓ।




# ਮਾਲ ਦੀ ਖਰੀਦਦਾਰੀ ਸੰਬੰਧੀ ਸਕੈਮ

## ਸਾਰੇ ਆਨਲਾਇਨ ਵਿਕਰੇਤਾ ਪ੍ਰਤਿਸ਼ਠਾਵਾਨ ਨਹੀਂ ਹੁੰਦੇ!

ਆਨਲਾਇਨ ਖਰੀਦਦਾਰੀ ਅਨੇਕ ਉਪਭੋਗਤਾਵਾਂ ਵਾਸਤੇ ਪਸੰਦੀਦਾ ਮਨਪ੍ਰਚਾਵਾ ਹੈ। ਪਰ ਤੁਹਾਡੇ ਦੁਆਰਾ ਆਨਲਾਇਨ ਦੇਖੀਆਂ ਗਈਆਂ ਬਹੁਤ ਸਾਰੀਆਂ ਡੀਲਾਂ-ਸਸਤੇ ਡਿਜ਼ਾਇਨਰ ਪਰਸਾਂ ਤੋਂ ਮਹੱਤਵਪੂਰਨ ਢੰਗ ਨਾਲ ਛੋਟ ਦਿੱਤੀਆਂ ਗਈਆਂ ਇਲੈਕਟ੍ਰੌਨਿਕ ਵਸਤੂਆਂ-ਸੱਚ ਹੋਣ ਲਈ ਬਹੁਤ ਹੀ ਵਧੀਆ ਹਨ।

ਘਪਲਾ ਕਰਨ ਵਾਲੇ ਨਿਲਾਮੀ ਦੀਆਂ ਅਸਲੀ ਸਾਇਟਾਂ ਜਿਵੇਂ ਕਿ ਈਬੇ, ਜਾਂ ਆਨਲਾਇਨ ਬਾਜ਼ਾਰਾਂ, ਜਿਵੇਂ ਕਿ ਕੀਜੀਜੀ ਜਾਂ ਕ੍ਰੇਗਜ਼ਲਿਟ ਤੇ ਅਕਾਉਂਟ ਬਣਾ ਸਕਦੇ ਹਨ। ਉਹ ਬਹੁਤ ਘੱਟ ਕੀਮਤਾਂ ਤੇ ਉਨ੍ਹਾਂ ਦੇ ਉਤਪਾਦਾਂ ਦਾ ਵਿਗਿਆਪਨ ਕਰਨਗੇ, ਤੁਹਾਨੂੰ ਉਨ੍ਹਾਂ ਨੂੰ ਖਰੀਦਣ ਲਈ ਲਲਚਾਉਣ ਵਾਸਤੇ।

ਅੰਤ ਵਿੱਚ, ਜੇ ਤੁਸੀਂ ਕੁਝ ਪ੍ਰਾਪਤ ਕਰਦੇ ਹੋ, ਤਾਂ ਹੋ ਸਕਦਾ ਹੈ ਕਿ ਉਹ ਖਰਾਬ ਕੁਆਲਿਟੀ ਦਾ ਜਾਂ ਜੋ ਤੁਸੀਂ ਆਸ ਕੀਤੀ ਸੀ ਉਸਦੀ ਬੁਰੀ ਨਕਲ ਹੋਵੇ।

ਦੂਸਰੀਆਂ ਸੂਰਤਾਂ ਵਿੱਚ, ਘਪਲੇ ਕਰਨ ਵਾਲੇ ਤੁਹਾਨੂੰ ਸਪੌਂਸਰ ਕੀਤੇ ਲਿੰਕਾਂ ਤੇ ਕਲਿਕ ਕਰਨ ਲਈ ਲਲਚਾਉਣਗੇ ਜਿਹੜੇ ਤੁਹਾਨੂੰ ਅਸਲੀ ਲੱਗਣ ਵਾਲੀ ਵੈੱਬਸਾਇਟ ਤੱਕ ਨਿਰਦੇਸ਼ਿਤ ਕਰਨਗੇ।

ਜੇ ਤੁਸੀਂ ਉਥੋਂ ਖਰੀਦਣ ਦਾ ਫੈਸਲਾ ਕਰਦੇ ਹੋ, ਤਾਂ ਤੁਹਾਨੂੰ ਕੋਈ ਸੁਰੱਖਿਆਵਾਂ ਜਾਂ ਸੇਵਾਵਾਂ ਤੋਂ ਲਾਭ ਨਹੀਂ ਹੋਵੇਗਾ ਜਿਹੜੀਆਂ ਅਸਲੀ ਵੈੱਬਸਾਇਟਾਂ ਪੇਸ਼ ਕਰਦੀਆਂ ਹਨ।

ਜੇ ਕੋਈ ਸਾਇਟ ਜਾਂ ਪੇਸ਼ਕਸ਼ ਨਾਟਕੀ ਢੰਗ ਨਾਲ ਬਾਕੀਆਂ ਨਾਲੋਂ ਵੱਖ ਦਿਖਦੀ ਹੈ, ਤਾਂ ਸੰਭਵ ਹੈ ਕੁਝ ਗੜਬੜ ਹੈ।

### ਆਪਣੀ ਰੱਖਿਆ ਕਰਨ ਲਈ ਸੁਝਾਅ:

- ਅਜਿਹੀਆਂ ਕੰਪਨੀਆਂ ਜਾਂ ਵਿਅਕਤੀਆਂ ਕੋਲੋਂ ਖਰੀਦੋ ਜਿੰਨਾਂ ਨੂੰ ਤੁਸੀਂ ਸਾਖ ਜਾਂ ਪਿਛਲੇ ਅਨੁਭਵ ਤੋਂ ਜਾਣਦੇ ਹੋ।
- ਕਦੇ ਵੀ ਨਿਲਾਮੀ ਦੀ ਸਾਇਟ ਤੋਂ ਬਾਹਰ ਸੌਦਾ ਨਾ ਕਰੋ।
- ਦੂਰ ਦੇ ਜਾਂ ਅਜਿਹੇ ਵਿਕਰੇਤਾਵਾਂ ਤੋਂ ਸਾਵਧਾਨ ਰਹੋ ਜਿੰਨਾਂ ਦੇ ਸੀਮਿਤ ਜਾਂ ਕੋਈ ਵੀ ਰੀਵਿਊ ਨਹੀਂ ਹੁੰਦੇ।
- ਆਨਲਾਇਨ ਖਰੀਦਦਾਰੀ ਕਰਨ ਵੇਲੇ ਕ੍ਰੈਡਿਟ ਕਾਰਡ ਵਰਤੋ; ਬਹੁਤ ਸਾਰੇ ਸੁਰੱਖਿਆ ਪੇਸ਼ ਕਰਦੇ ਹਨ ਅਤੇ ਸੰਭਵ ਹੈ ਤੁਹਾਨੂੰ ਰਿਫੰਡ ਦੇ ਦੇਣ।
- ਅਜਿਹੀਆਂ ਵੈੱਬਸਾਇਟਾਂ ਤੋਂ ਸਚੇਤ ਰਹੋ ਜਿੰਨਾਂ ਵਿੱਚ ਸਪੈਲਿੰਗ ਅਤੇ ਗਰਾਮਰ ਸੰਬੰਧੀ ਗਲਤੀਆਂ ਹੁੰਦੀਆਂ ਹਨ।
- ਫਾਇਨ ਪ੍ਰਿੰਟ ਸਮੇਤ ਰਿਫੰਡ ਅਤੇ ਵਾਪਸ ਕਰਨ ਸੰਬੰਧੀ ਨੀਤੀਆਂ ਨੂੰ ਧਿਆਨ ਨਾਲ ਪੜ੍ਹੋ।
- ਸਪਲਾਇਰ ਨੂੰ ਸਵਾਲ ਪੁੱਛੋ ਅਤੇ ਸਰਵਿਸ ਡਲਿਵਰੀ ਟਾਇਮਲਾਇਨਾਂ ਅਤੇ ਕੁਲ ਖਰਚੇ ਦੀ ਪੁਸ਼ਟੀ ਕਰੋ।

**ਜੇ ਤੁਹਾਨੂੰ ਘਪਲੇ ਦਾ ਸ਼ੱਕ ਹੈ, ਤਾਂ ਹਮੇਸ਼ਾ ਉਸਦੀ ਰਿਪੋਰਟ ਕਰੋ।**

ਹੋਰ ਜਾਣਕਾਰੀ ਦੇ ਲਈ ਸਫੇ 19 ਅਤੇ 20 ਤੇ ਜਾਓ।




# ਮਾਲ ਵੇਚਣ ਸੰਬੰਧੀ ਸਕੈਮ

## ਘਪਲੇ ਕਰਨ ਵਾਲੇ ਖਰੀਦਦਾਰਾਂ ਦੀ ਤਰ੍ਹਾਂ ਪੋਜ਼ ਕਰ ਸਕਦੇ ਹਨ।

ਜੇ ਤੁਸੀਂ ਆਨਲਾਇਨ ਚੀਜ਼ਾਂ ਵੇਚਦੇ ਹੋ, ਨਿਜੀ ਤੌਰ ਤੇ ਜਾਂ ਇੱਕ ਕਾਰੋਬਾਰ ਦੇ ਹਿੱਸੇ ਵਜੋਂ, ਤਾਂ ਤੁਹਾਨੂੰ ਸਾਵਧਾਨ ਰਹਿਣ ਦੀ ਲੋੜ ਹੈ ਕਿ ਤੁਸੀਂ ਕਿਸ ਨੂੰ ਵੇਚਦੇ ਹੋ ਕਿਉਂਕਿ ਅਜਿਹੇ ਠੱਗਾਂ ਦੁਆਰਾ ਨਿਸ਼ਾਨਾ ਬਣਾਏ ਜਾਣ ਦਾ ਖਤਰਾ ਹੈ ਜਿਹੜੇ ਤੁਹਾਡੇ ਮਾਲ, ਪੈਸੇ ਜਾਂ ਦੋਵਾਂ ਨੂੰ ਲੈਣਾ ਚਾਹੁੰਦੇ ਹਨ।

ਇੱਕ ਰੂਪ ਵਿੱਚ, ਠੱਗ ਬਿਨਾਂ ਦੇਖੇ ਤੁਹਾਡੀ ਵਸਤੂ ਖਰੀਦਣ ਲਈ ਸਹਿਮਤ ਹੋ ਜਾਵੇਗਾ। ਤੁਸੀਂ ਪੇਪਾਲ (PayPal) ਜਾਂ ਈਮੇਲ ਮਨੀ ਨੋਟੀਫੀਕੇਸ਼ਨ ਪ੍ਰਾਪਤ ਕਰੋਗੇ ਜਿਹੜੀ ਦਾਅਵਾ ਕਰਦੀ ਹੈ ਕਿ ਭੁਗਤਾਨ ਬਕਾਇਆ ਹੈ।

ਪਕੜ ਇਹ ਹੈ ਕਿ, ਨੋਟੀਫੀਕੇਸ਼ਨ ਕਹੇਗੀ ਕਿ ਭੁਗਤਾਨ ਤਾਂ ਹੀ ਰਿਲੀਜ਼ ਕੀਤਾ ਜਾਵੇਗਾ ਜਦੋਂ ਤੁਸੀਂ ਮਾਲ ਦੇ ਲਈ ਟ੍ਰੈਕਿੰਗ ਨੰਬਰ ਮੁਹੱਈਆ ਕਰੋਗੇ। ਜਦੋਂ ਤੱਕ ਤੁਸੀਂ ਟ੍ਰੈਕਿੰਗ ਨੰਬਰ ਐਂਟਰ ਕਰੋਗੇ, ਤੁਸੀਂ ਪਹਿਲਾਂ ਹੀ ਮਾਲ ਸ਼ਿਪ ਕਰ ਚੁਕੇ ਹੋਵੋਗੇ ਸਿਰਫ ਇਹ ਜਾਣਨ ਲਈ ਕਿ ਭੁਗਤਾਨ ਦੀ ਨੋਟੀਫੀਕੇਸ਼ਨ ਨਕਲੀ ਸੀ।

ਦੂਸਰੇ ਕੇਸਾਂ ਵਿੱਚ, ਤੁਹਾਨੂੰ ਨਕਲੀ ਮਨੀ ਟ੍ਰਾਂਸਫਰ, ਝੂਠੇ ਚੈੱਕ ਜਾਂ ਇੱਕ ਚੋਰੀ ਕੀਤੇ ਹੋਏ ਕ੍ਰੈਡਿਟ ਕਾਰਡ ਦੇ ਨਾਲ ਭੁਗਤਾਨ ਕੀਤਾ ਜਾ ਸਕਦਾ ਹੈ।

ਇੱਕ ਹੋਰ ਰੂਪ ਵਿੱਚ, ਘਪਲਾ ਕਰਨ ਵਾਲਾ ਤੁਹਾਨੂੰ ਇਹ ਕਹਿੰਦਾ ਹੋਇਆ ਸੁਨੇਹਾ ਭੇਜ ਸਕਦਾ ਹੈ ਕਿ ਤੁਹਾਡੇ ਪੇਪਾਲ ਜਾਂ ਬੈਂਕ ਅਕਾਉਂਟ ਦੇ ਨਾਲ ਸਮੱਸਿਆ ਹੋਣ ਕਰਕੇ ਭੁਗਤਾਨ ਨਹੀਂ ਭੇਜਿਆ ਜਾ ਸਕਦਾ। ਤੁਹਾਨੂੰ ਸੌਦਾ ਪੂਰਾ ਕਰਨ ਵਾਸਤੇ ਇੱਕ ਬਿਜ਼ਨਸ ਅਕਾਉਂਟ ਪ੍ਰਾਪਤ ਕਰਨ ਲਈ ਇੱਕ ਫੀਸ ਦਾ ਭੁਗਤਾਨ ਕਰਨ ਲਈ ਕਿਹਾ ਜਾਵੇਗਾ। ਘਪਲਾ ਕਰਨ ਵਾਲਾ ਫੀਸ ਦਾ ਭੁਗਤਾਨ ਕਰਨ ਦੀ ਪੇਸ਼ਕਸ਼ ਕਰਦਾ ਹੈ ਜੇ ਤੁਸੀਂ ਟ੍ਰਾਂਸਫਰ ਜਾਂ ਵਾਇਰ ਸੇਵਾ ਵਰਤ ਕੇ ਪੈਸੇ ਉਨ੍ਹਾਂ ਨੂੰ ਵਾਪਸ ਕਰ ਦਿਓ। ਜੇ ਤੁਸੀਂ ਸਹਿਮਤ ਹੁੰਦੇ ਹੋ, "ਫੀਸ" ਦੇ ਪੈਸੇ ਇੱਕ ਠੱਗ ਨੂੰ ਜਾਣਗੇ।

### ਆਪਣੀ ਰੱਖਿਆ ਕਰਨ ਲਈ ਸੁਝਾਅ:

- ਵਟਾਂਦਰਾ ਪੂਰਾ ਕਰਨ ਲਈ ਹਮੇਸ਼ਾ ਇੱਕ ਸਥਾਨਕ, ਜਨਤਕ ਅਤੇ ਸਰੱਖਿਅਤ ਸਥਾਨ ਤੇ ਮਿਲੋ।
- ਬੁਰੀ ਗਰਾਮਰ ਵਾਲੀਆਂ ਆਮ ਈਮੇਲਾਂ ਤੋਂ ਸਾਵਧਾਨ ਰਹੋ।
- ਦੂਰ ਦੇ ਖਰੀਦਦਾਰਾਂ ਤੋਂ ਸਾਵਧਾਨ ਰਹੋ ਜਿਹੜੇ ਉਤਪਾਦਾਂ ਜਾਂ ਦੂਸਰੀਆਂ ਵਸਤੂਆਂ ਨੂੰ ਉਨ੍ਹਾਂ ਨੂੰ ਦੇਖੇ ਬਿਨਾਂ ਖਰੀਦਣਾ ਚਾਹੁੰਦੇ ਹਨ।
- ਭੇਜਣ ਵਾਲੇ ਦੇ ਈਮੇਲ ਪਤੇ ਦੀ ਪੜਤਾਲ ਕਰੋ - ਘਪਲੇ ਕਰਨ ਵਾਲੇ ਅਕਸਰ ਅਜਿਹੇ ਪਤੇ ਬਣਾਉਣਗੇ ਜਿਹੜੇ ਸੱਚੇ ਪਤਿਆਂ ਦੇ ਨਾਲ ਬਹੁਤ ਮਿਲਦੇ ਜੁਲਦੇ ਹੁੰਦੇ ਹਨ, ਸਿਰਫ ਇੱਕ ਜਾਂ ਦੋ ਵੱਖਰੇ ਅੱਖਰਾਂ ਦੇ ਨਾਲ।
- ਕਦੇ ਵੀ ਪੈਸੇ ਪ੍ਰਾਪਤ ਕਰਨ ਲਈ ਪੈਸੇ ਨਾ ਭੇਜੋ।

**ਜੇ ਤੁਹਾਨੂੰ ਘਪਲੇ ਦਾ ਸ਼ੱਕ ਹੈ, ਤਾਂ ਹਮੇਸ਼ਾ ਉਸਦੀ ਰਿਪੋਰਟ ਕਰੋ।**

ਹੋਰ ਜਾਣਕਾਰੀ ਦੇ ਲਈ ਸਫੇ 19 ਅਤੇ 20 ਤੇ ਜਾਓ।

# ਚੇਤਾਵਨੀਆਂ: ਧਿਆਨ ਦੇਣ ਵਾਲੀਆਂ ਚੀਜ਼ਾਂ

## ਸੰਕੇਤਾਂ ਨੂੰ ਪਛਾਣਨਾ ਸਿੱਖੋ ਕਿ ਕੁਝ ਗੜਬੜ ਹੈ।

**ਵਾਇਰ ਟ੍ਰਾਂਸਫਰ।** ਅਨੇਕ ਘਪਲਿਆਂ ਵਿੱਚ ਪੈਸੇ ਟ੍ਰਾਂਸਫਰ ਕਰਨ ਵਾਲੀ ਸੇਵਾ ਜਿਵੇਂ ਕਿ ਮਨੀਗ੍ਰਾਮ ਅਤੇ ਵੈਸਟਰਨ ਯੂਨੀਅਨ ਵਰਤ ਕੇ, ਜਾਂ ਕ੍ਰਿਪਟੋਕਰੰਸੀ ਜਿਵੇਂ ਕਿ ਬਿਟਕੋਇਨ (Bitcoin) ਵਰਤ ਕੇ ਇਲੈਕਟ੍ਰੌਨਿਕ ਢੰਗ ਨਾਲ ਪੈਸੇ ਵਾਇਰ ਕਰਨ ਦੀ ਬੇਨਤੀ ਸ਼ਾਮਲ ਹੁੰਦੀ ਹੈ। ਯਾਦ ਰੱਖੋ ਕਿ ਇੰਨ੍ਹਾਂ ਸੇਵਾਵਾਂ ਰਾਹੀਂ ਟ੍ਰਾਂਸਫਰ ਭੇਜਣਾ ਨਕਦ ਭੇਜਣ ਵਰਗਾ ਹੈ - ਇੱਕ ਵਾਰੀ ਜਦੋਂ ਪੈਸੇ ਪਿਕ ਕਰ ਲਏ ਜਾਂਦੇ ਹਨ, ਤਾਂ ਤੁਹਾਡੇ ਪੈਸਿਆਂ ਨੂੰ ਵਾਪਸ ਪ੍ਰਾਪਤ ਕਰਨਾ ਲਗਭਗ ਅਸੰਭਵ ਹੈ।

**ਵਧੀਕ ਅਦਾਇਗੀ।** ਜਦੋਂ ਤੁਸੀਂ ਕੁਝ ਵੇਚ ਰਹੇ ਹੁੰਦੇ ਹੋ - ਖਾਸ ਕਰਕੇ ਆਨਲਾਇਨ - ਇਸ ਬਾਰੇ ਚੌਕਸ ਰਹੋ ਕਿ ਤੁਹਾਨੂੰ ਭੁਗਤਾਨ ਕਿਵੇਂ ਕੀਤਾ ਜਾਂਦਾ ਹੈ। ਇੱਕ ਘਪਲਾ ਕਰਨ ਵਾਲਾ ਤੁਹਾਨੂੰ ਉਨ੍ਹਾਂ ਵਲੋਂ ਬਕਾਇਆ ਰਕਮ ਤੋਂ ਵੱਧ ਦੇ ਕੈਸ਼ੀਅਰ, ਨਿਜੀ ਜਾਂ ਕਾਰਪੋਰੇਟ ਚੈੱਕ ਭੇਜ ਸਕਦਾ ਹੈ। ਤੁਹਾਨੂੰ ਚੈੱਕ ਨੂੰ ਜੰਮ੍ਹਾਂ ਕਰਵਾਉਣ ਅਤੇ ਵਾਧੂ ਪੈਸਿਆਂ ਨੂੰ ਤੁਰੰਤ ਉਨ੍ਹਾਂ ਨੂੰ ਵਾਪਸ ਵਾਇਰ ਕਰਨ ਵਾਸਤੇ ਕਿਹਾ ਜਾਏਗਾ। ਇੱਕ ਵਾਰੀ ਜਦੋਂ ਤੁਹਾਡੇ ਬੈਂਕ ਨੂੰ ਸਮਝ ਆ ਜਾਂਦਾ ਹੈ ਕਿ ਚੈੱਕ ਨਕਲੀ ਹੈ, ਤੁਸੀਂ ਕਢਵਾਏ ਗਏ ਪੈਸਿਆਂ ਦੇ ਲਈ ਜ਼ਿੰਮੇਵਾਰ ਹੋਵੋਗੇ।

**ਸਪੈਲਿੰਗ ਸੰਬੰਧੀ ਗਲਤੀਆਂ।** ਗਲਤ ਸਪੈਲਿੰਗ ਵਾਲੇ ਆਮ ਸ਼ਬਦਾਂ; ਗਰਾਮਰ ਸੰਬੰਧੀ ਗਲਤੀਆਂ ਜਿਹੜੀਆਂ ਪੜ੍ਹਨ ਨੂੰ ਮੁਸ਼ਕਲ ਬਣਾਉਂਦੀਆਂ ਹਨ ਜਾਂ ਗਲਤ ਢੰਗ ਨਾਲ ਵਰਤੇ ਗਏ ਲਫ਼ਜ਼ਾਂ ਵਾਲੀਆਂ ਈਮੇਲਾਂ, ਸੁਨੇਹਿਆਂ ਜਾਂ ਵੈੱਬਸਾਇਟਾਂ ਬਾਰੇ ਸ਼ੱਕੀ ਰਹੋ। ਈਮੇਲ ਅਤੇ ਵੈੱਬ ਪਤਿਆਂ ਨੂੰ ਇਹ ਦੇਖਣ ਲਈ ਧਿਆਨ ਨਾਲ ਜਾਂਚਿਆ ਜਾਣਾ ਚਾਹੀਦਾ ਹੈ ਜੇਕਰ ਕੋਈ ਹਲਕੀਆਂ ਗਲਤੀਆਂ ਜਾਂ ਫਰਕ ਹਨ।

**ਨਿਜੀ ਜਾਣਕਾਰੀ ਵਾਸਤੇ ਬੇਨਤੀ।** ਘਪਲੇ ਕਰਨ ਵਾਲੇ ਸੰਭਾਵੀ ਸ਼ਿਕਾਰਾਂ ਨੂੰ ਸੌਦੇ ਜਾਂ ਚਰਚਾ ਲਈ ਲੁੜੀਂਦੀ ਜਾਣਕਾਰੀ ਨਾਲੋਂ ਵੱਧ ਨਿਜੀ ਜਾਂ ਵਿੱਤੀ ਜਾਣਕਾਰੀ ਮੁਹੱਈਆ ਕਰਨ ਲਈ ਕਹਿ ਸਕਦੇ ਹਨ। ਸ਼ੱਕ ਕਰੋ ਜੇ ਕੋਈ ਤੁਹਾਡੇ ਪਾਸਪੋਰਟ ਦੀਆਂ ਕਾਪੀਆਂ, ਡਰਾਈਵਰ ਲਸੰਸ ਅਤੇ ਸੋਸ਼ਲ ਇੰਸ਼ੋਰੈਂਸ ਨੰਬਰ ਜਾਂ ਜਨਮ ਮਿਤੀ ਮੰਗਦਾ ਹੈ, ਖਾਸ ਕਰਕੇ ਜੇ ਤੁਸੀਂ ਬੇਨਤੀ ਕਰਨ ਵਾਲੇ ਨੂੰ ਜਾਣਦੇ ਨਹੀਂ।

**ਬੇਲੋੜੀਆਂ ਕਾਲਾਂ।** ਤੁਸੀਂ ਇਹ ਦਾਅਵਾ ਕਰਨ ਵਾਲੇ ਕਿਸੇ ਵਿਅਕਤੀ ਕੋਲੋਂ ਕਾਲ ਪ੍ਰਾਪਤ ਕਰ ਸਕਦੇ ਹੋ ਕਿ ਤੁਹਾਡੇ ਕੰਪਿਊਟਰ ਵਿੱਚ ਵਾਇਰਸ ਹੈ, ਤੁਹਾਡੇ ਵਲੋਂ ਟੈਕਸ ਬਕਾਇਆ ਹਨ ਜਾਂ ਤੁਹਾਡੇ ਬੈਂਕ ਅਕਾਉਂਟਾਂ ਵਿੱਚ ਫਰੇਬੀ ਗਤੀਵਿਧੀ ਹੋਈ ਹੈ। ਜਾਣੋ ਕਿ ਅਸਲੀ ਸੰਸਥਾਵਾਂ ਕਦੇ ਵੀ ਸਿੱਧੇ ਤੌਰ ਤੇ ਤੁਹਾਨੂੰ ਕਾਲ ਨਹੀਂ ਕਰਨਗੀਆਂ। ਹੈਂਗ ਅੱਪ ਕਰੋ ਅਤੇ ਇੱਕ ਭਰੋਸੇਯੋਗ ਸ੍ਰੋਤ ਜਿਵੇਂ ਕਿ ਫੋਨ ਬੁੱਕ, ਉਨ੍ਹਾਂ ਦੀ ਵੈੱਬਸਾਇਟ, ਜਾਂ ਬਿਲਾਂ ਅਤੇ ਅਕਾਉਂਟ ਸਟੇਟਮੈਂਟਾਂ ਤੋਂ ਨੰਬਰ ਵਰਤ ਕੇ ਸੰਸਥਾ ਨੂੰ ਫੋਨ ਕਰੋ।

**ਸੋਸ਼ਲ ਮੀਡੀਆ ਤੇ ਫਰੈਂਡ ਬਣਨ ਲਈ ਬੇਲੋੜੀਆਂ ਬੇਨਤੀਆਂ।** ਅਣਜਾਣ ਲੋਕਾਂ ਵਲੋਂ ਫਰੈਂਡ ਬਣਨ ਲਈ ਬੇਨਤੀਆਂ ਨੂੰ ਸਵੀਕਾਰ ਨਾ ਕਰੋ ਜਦ ਤੱਕ ਕਿ ਤੁਸੀਂ ਉਨ੍ਹਾਂ ਦੀ ਪ੍ਰੋਫਾਇਲ ਦੀ ਸਮੀਖਿਆ ਨਹੀਂ ਕਰਦੇ ਜਾਂ ਆਪਣੇ ਅਸਲ ਜ਼ਿੰਦਗੀ ਦੇ ਦੋਸਤਾਂ ਨੂੰ ਨਹੀਂ ਪੁੱਛਦੇ ਜੇ ਉਹ ਉਨ੍ਹਾਂ ਨੂੰ ਜਾਣਦੇ ਹਨ। ਕੀ ਉਨ੍ਹਾਂ ਦੀ ਪ੍ਰੋਫਾਇਲ ਆਮਤੌਰ ਤੇ ਖਾਲੀ ਦਿਖਦੀ ਹੈ ਜਾਂ ਉਸ ਤੇ ਅਜਿਹੀਆਂ ਪੋਸਟਾਂ ਹਨ ਜਿਹੜੀਆਂ ਬਹੁਤ ਆਮ ਹਨ? ਕੀ ਉਹ ਦੋਸਤੀ ਤੋਂ ਵੱਧ ਦਾ ਵਾਅਦਾ ਕਰਦੇ ਹੋਏ ਜਾਪਦੇ ਹਨ? ਇਹ ਕੁਝ ਚੇਤਾਵਨੀਆਂ ਹਨ ਜਿਹੜੀਆਂ ਘਪਲੇ ਵਲ ਇਸ਼ਾਰਾ ਕਰਦੀਆਂ ਹਨ। ਉਸ ਬੇਨਤੀ ਨੂੰ ਡੀਲੀਟ ਕਰ ਦਿਓ ਅਤੇ ਭਵਿੱਖ ਦੀਆਂ ਬੇਨਤੀਆਂ ਨੂੰ ਬਲਾਕ ਕਰ ਦਿਓ।

**ਡਾਕ ਰਾਹੀਂ ਅਦਭੁੱਤ ਪੇਸ਼ਕਸ਼ਾਂ।** ਤੁਹਾਨੂੰ ਡਾਕ ਰਾਹੀਂ ਗੇਮ ਕਾਰਡ ਪ੍ਰਾਪਤ ਹੋਇਆ ਹੈ। ਉਹ ਗਰੰਟੀ ਕਰਦਾ ਹੈ ਕਿ ਤੁਸੀਂ ਕੀ ਜਿੱਤੋਗੇ ਜਾਂ ਪਹਿਲਾਂ ਹੀ ਜਿੱਤ ਚੁੱਕੇ ਹੋ। ਪੁਰਸਕਾਰ ਕਾਰਾਂ ਤੋਂ ਟ੍ਰਿੱਪਾਂ ਤੱਕ ਰੇਂਜ ਕਰ ਸਕਦੇ ਹਨ। ਜੇ ਤੁਸੀਂ ਮੁਕਾਬਲੇ ਵਿੱਚ ਐਂਟਰ ਨਹੀਂ ਕੀਤਾ ਹੈ, ਉਸ ਕਾਰਡ ਨੂੰ ਸੁੱਟ ਦਿਓ। ਸੰਭਵ ਹੈ ਉਹ ਇੱਕ ਘਪਲਾ ਹੈ!

**ਇਹ ਸੱਚ ਹੋਣ ਲਈ ਬਹੁਤ ਹੀ ਚੰਗਾ ਹੈ।** ਹਰ ਕੋਈ ਵਧੀਆ ਡੀਲ ਪਸੰਦ ਕਰਦਾ ਹੈ। ਪਰ ਹੈਰਾਨ ਕਰਨ ਵਾਲੀਆਂ ਪੇਸ਼ਕਸ਼ਾਂ, ਅਵਿਸ਼ਵਾਸ਼ਯੋਗ ਛੋਟਾਂ ਅਤੇ ਨਕਲੀ ਰੇਟ ਸੰਕੇਤ ਹੋ ਸਕਦੇ ਹਨ ਕਿ ਪੇਸ਼ਕਸ਼ ਉਹ ਨਹੀਂ ਹੈ ਜੋ ਉਹ ਪ੍ਰਤੀਤ ਹੋ ਰਹੀ ਹੈ। ਸਸਤੀਆਂ ਕੀਮਤਾਂ ਆਮਤੌਰ ਤੇ ਸਸਤੇ ਉਤਪਾਦਾਂ ਜਾਂ ਨਕਲੀ ਮਾਲ ਦੇ ਬਰਾਬਰ ਹੁੰਦੀਆਂ ਹਨ। ਮੁਫਤ ਪੇਸ਼ਕਸ਼ਾਂ ਵਿੱਚ ਸ਼ਿਪਿੰਗ ਦੇ ਲਈ ਤੁਹਾਡੇ ਕ੍ਰੈਡਿਟ ਕਾਰਡ ਮੁਹੱਈਆ ਕਰਨ ਦੀ ਲੋੜ ਹੋ ਸਕਦੀ ਹੈ। ਇਹੋ ਜਿਹੀਆਂ ਛੋਟੀਆਂ ਚਾਲਾਂ ਘਪਲੇ ਕਰਨ ਵਾਲਿਆਂ ਦੇ ਲਈ ਵੱਡੇ ਮੁਨਾਫਿਆਂ ਦਾ ਕਾਰਨ ਬਣ ਸਕਦੀਆਂ ਹਨ।

# ਸਕੈਮ ਦੀ ਰਿਪੋਰਟ ਕਰਨਾ

## ਕਿਸ ਨਾਲ ਸੰਪਰਕ ਕੀਤਾ ਜਾਏ ਇਸ ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿਥੇ ਰਹਿੰਦੇ ਹੋ ਅਤੇ ਕਿਸ ਕਿਸਮ ਦਾ ਘਪਲਾ ਸ਼ਾਮਲ ਹੈ।

ਚਾਹੇ ਤੁਹਾਡੇ ਨਾਲ ਘਪਲਾ ਕੀਤਾ ਗਿਆ ਹੈ ਜਾਂ ਤੁਹਾਨੂੰ ਘਪਲਾ ਕਰਨ ਵਾਲੇ ਦੁਆਰਾ ਨਿਸ਼ਾਨਾ ਬਣਾਇਆ ਗਿਆ ਹੈ, ਤੁਹਾਨੂੰ ਹਮੇਸ਼ਾ ਉਸ ਦੀ ਰਿਪੋਰਟ ਕਰਨੀ ਚਾਹੀਦੀ ਹੈ। ਸੰਭਵ ਹੈ ਕਿ ਕਨੇਡੀਅਨ ਅਧਿਕਾਰੀ ਹਮੇਸ਼ਾ ਘਪਲਿਆਂ ਵਿਰੁੱਧ ਕਾਰਵਾਈ ਨਾ ਕਰ ਸਕਣ, ਪਰ ਅਜਿਹੇ ਤਰੀਕੇ ਹਨ ਜਿੰਨਾਂ ਨਾਲ ਤੁਸੀਂ ਸਹਾਇਤਾ ਕਰ ਸਕਦੇ ਹੋ। ਘਪਲੇ ਦੀ ਰਿਪੋਰਟ ਕਰਕੇ, ਅਧਿਕਾਰੀ ਦੂਸਰੇ ਲੋਕਾਂ ਨੂੰ ਚੇਤਾਵਨੀ ਦੇ ਸਕਦੇ ਹਨ ਅਤੇ ਘਪਲੇ ਦੇ ਹੋਰ ਅਗੇ ਤੱਕ ਵੱਧਣ ਦੇ ਸੰਜੋਗਾਂ ਨੂੰ ਘਟਾਉਣ ਵਾਸਤੇ ਮੀਡੀਆ ਨੂੰ ਚੌਕੰਨਾ ਕਰ ਸਕਦੇ ਹਨ। ਤੁਹਾਨੂੰ ਵੀ ਤੁਹਾਡੇ ਸਾਹਮਣੇ ਆਏ ਕੋਈ ਵੀ ਘਪਲਿਆਂ ਬਾਰੇ ਆਪਣੇ ਦੋਸਤਾਂ ਅਤੇ ਪਰਿਵਾਰ ਨੂੰ ਚੇਤਾਵਨੀ ਦੇਣੀ ਚਾਹੀਦੀ ਹੈ।

ਘਪਲੇ ਤੇ ਨਿਰਭਰ ਕਰਦੇ ਹੋਏ, ਇਹ ਕੁਝ ਸਲਾਹ ਹੈ ਕਿ ਕਿਥੇ ਰਿਪੋਰਟ ਕੀਤੀ ਜਾਏ:

**ਕਨੇਡੀਅਨ ਐਂਟੀ-ਫਰੌਡ ਸੈਂਟਰ**
www.antifraudcentre.ca
1-888-495-8501

**ਕੰਪੀਟੀਸ਼ਨ ਬਿਊਰੋ**
www.competitionbureau.gc.ca
1-800-348-5358

## ਸਥਾਨਕ ਘਪਲੇ

### ਆਪਣੇ ਉਪਭੋਗਤਾ ਮਾਮਲਿਆਂ ਦੇ ਸਥਾਨਕ ਦਫਤਰ ਨਾਲ ਸੰਪਰਕ ਕਰੋ

ਤੁਹਾਡਾ ਉਪਭੋਗਤਾ ਮਾਮਲਿਆਂ ਦਾ ਸਥਾਨਕ ਦਫਤਰ ਅਜਿਹੇ ਘਪਲਿਆਂ ਦੀ ਪੜਤਾਲ ਕਰਨ ਦਾ ਸਭ ਤੋਂ ਵਧੀਆ ਸ੍ਰੋਤ ਹੈ ਜਿਹੜੇ ਤੁਹਾਡੇ ਆਪਣੇ ਸੂਬੇ ਜਾਂ ਪ੍ਰਦੇਸ਼ ਵਿੱਚੋਂ ਆ ਰਹੇ ਪ੍ਰਤੀਤ ਹੁੰਦੇ ਹਨ। ਉਪਭੋਗਤਾ ਮਾਮਲਿਆਂ ਦੇ ਸੂਬਾਈ ਅਤੇ ਖੇਤਰੀ ਦਫਤਰਾਂ ਦੀ ਇੱਕ ਸੂਚੀ ਕਨੇਡੀਅਨ ਕੰਜ਼ਿਊਮਰ ਹੈਂਡਬੁੱਕ ਵਿੱਚ ਪਾਈ ਜਾ ਸਕਦੀ ਹੈ।

www.consumerhandbook.ca

## ਵਿੱਤੀ ਅਤੇ ਨਿਵੇਸ਼ ਸੰਬੰਧੀ ਘਪਲੇ

### ਕਨੇਡੀਅਨ ਸਿਕਿਓਰੀਟੀਜ਼ ਐਡਮਿਨਿਸਟ੍ਰੇਟਰਜ਼ (Canadian Securities Administrators) ਨਾਲ ਸੰਪਰਕ ਕਰੋ

ਵਿੱਤੀ ਘਪਲਿਆਂ ਵਿੱਚ ਵਿੱਚ ਸੇਲਾਂ ਦੀਆਂ ਪੇਸ਼ਕਸ਼ਾਂ ਜਾਂ ਵਿੱਤੀ ਉਤਪਾਦਾਂ ਅਤੇ ਸੇਵਾਵਾਂ ਜਿਵੇਂ ਸੁਪਰਐਨੂਏਸ਼ਨ, ਪ੍ਰਬੰਧ ਕੀਤੇ ਗਏ ਫੰਡਾਂ, ਵਿੱਤੀ ਸਲਾਹ, ਬੀਮੇ ਜਾਂ ਕ੍ਰੈਡਿਟ ਜਾਂ ਡਿਪਾਜ਼ਿਟ ਅਕਾਉਂਟਾਂ ਬਾਰੇ ਪ੍ਰਮੋਸ਼ਨਾਂ ਸ਼ਾਮਲ ਹੁੰਦੀਆਂ ਹਨ।

ਨਿਵੇਸ਼ ਸੰਬੰਧੀ ਘਪਲਿਆਂ ਵਿੱਚ ਸ਼ਾਮਲ ਹਨ ਸ਼ੇਅਰ ਖਰੀਦਣੇ, ਵਿਦੇਸ਼ੀ ਕਰੰਸੀ ਦੀ ਟ੍ਰੇਡਿੰਗ, ਔਫਸ਼ੋਰ ਨਿਵੇਸ਼, ਪੌਨਜ਼ੀ ਸਕੀਮਾਂ ਜਾਂ ਪ੍ਰਾਇਮ ਬੈਂਕ ਨਿਵੇਸ਼ ਸਕੀਮਾਂ।

ਤੁਸੀਂ ਵਿੱਤੀ ਅਤੇ ਨਿਵੇਸ਼ ਸੰਬੰਧੀ ਘਪਲਿਆਂ ਦੀ ਰਿਪੋਰਟ ਕਨੇਡੀਅਨ ਸਿਕਿਓਰੀਟੀਜ਼ ਐਡਮਿਨਿਸਟ੍ਰੇਟਰਜ਼ ਜਾਂ ਤੁਹਾਡੇ ਸਥਾਨਕ ਸਿਕਿਓਰੀਟੀਜ਼ ਰੈਗੁਲੇਟਰ ਨੂੰ ਕਰ ਸਕਦੇ ਹੋ।

www.securities-administrators.ca

## ਬੈਂਕਿੰਗ ਅਤੇ ਕ੍ਰੈਡਿਟ ਕਾਰਡ ਘਪਲੇ

### ਆਪਣੇ ਬੈਂਕ ਜਾਂ ਵਿੱਤੀ ਸੰਸਥਾ ਨੂੰ ਸੰਪਰਕ ਕਰੋ

ਕਨੇਡੀਅਨ ਐਂਟੀ-ਫਰੌਡ ਸੈਂਟਰ ਨੂੰ ਇੰਨ੍ਹਾਂ ਘਪਲਿਆਂ ਬਾਰੇ ਰਿਪੋਰਟ ਕਰਨ ਤੋਂ ਇਲਾਵਾ, ਤੁਹਾਨੂੰ ਤੁਹਾਡੇ ਅਕਾਉਂਟ ਬਾਰੇ ਪ੍ਰਾਪਤ ਹੋਈ ਕੋਈ ਵੀ ਸੰਦਿਗਧ ਚਿੱਠੀ-ਪੱਤਰੀ ਦੇ ਬਾਰੇ ਆਪਣੇ ਬੈਂਕ ਜਾਂ ਵਿੱਤੀ ਸੰਸਥਾ ਨੂੰ ਸਚੇਤ ਕਰਨਾ ਚਾਹੀਦਾ ਹੈ। ਉਹ ਤੁਹਾਨੂੰ ਸਲਾਹ ਦੇ ਸਕਦੇ ਹਨ ਕਿ ਅਗੇ ਕੀ ਕਰਨਾ ਹੈ।

ਆਪਣੇ ਬੈਂਕ ਜਾਂ ਵਿੱਤੀ ਸੰਸਥਾ ਨੂੰ ਸੰਪਰਕ ਕਰਦੇ ਹੋਏ, ਫੋਨ ਬੁੱਕ ਵਿੱਚ, ਤੁਹਾਡੀ ਬੈਂਕ ਸਟੇਟਮੈਂਟ ਜਾਂ ਤੁਹਾਡੇ ਕਾਰਡ ਦੇ ਪਿਛਲੇ ਪਾਸੇ ਦਿੱਤੇ ਨੰਬਰ ਤੇ ਪਾਏ ਗਏ ਨੰਬਰ ਨੂੰ ਵਰਤਣਾ ਯਕੀਨੀ ਬਣਾਓ।

## ਸਪੈਮ ਈਮੇਲਾਂ ਅਤੇ ਟੈਕਸਟ ਮੈਸੇਜ

### ਸਪੈਮ ਰਿਪੋਰਟਿੰਗ ਸੈਂਟਰ (Spam Reporting Centre) ਨੂੰ ਸੰਪਰਕ ਕਰੋ

ਅਨੇਕ ਸਕੈਮ ਈਮੇਲ ਅਤੇ ਟੈਕਸਟ ਮੈਸੇਜਾਂ ਰਾਹੀਂ ਆਉਂਦੇ ਹਨ। ਕੈਨੇਡਾ ਦੇ ਐਂਟੀ-ਸਪੈਮ ਕਾਨੂੰਨ ਅਤੇ ਸਪੈਮ ਦੀ ਰਿਪੋਰਟ ਕਿਵੇਂ ਕਰਨੀ ਹੈ ਬਾਰੇ ਜਾਣਕਾਰੀ ਦੇ ਲਈ www.fightspam.gc.ca ਤੇ ਜਾਓ।

ਨਿਜੀ ਵੇਰਵਿਆਂ ਲਈ ਬੇਨਤੀ ਕਰਦੇ ਹੋਏ ਝੂਠੇ, ਫਿਸ਼ਿੰਗ ਜਾਂ ਸਮਿਸ਼ਿੰਗ ਸੁਨੇਹਿਆਂ ਦੀ ਰਿਪੋਰਟ ਬੈਂਕ, ਵਿੱਤੀ ਸੰਸਥਾ ਜਾਂ ਦੂਸਰੀ ਸੰਬੰਧਤ ਸੰਸਥਾ ਨੂੰ ਕੀਤੀ ਜਾ ਸਕਦੀ ਹੈ। ਦੋਬਾਰਾ, ਉਹ ਫੋਨ ਨੰਬਰ ਜਾਂ ਈਮੇਲ ਵਰਤਣਾ ਯਕੀਨੀ ਬਣਾਓ ਜੋ ਦਫਤਰੀ ਪ੍ਰਤਿਸ਼ਠਾਵਾਨ ਸ੍ਰੋਤ ਵਿੱਚ ਸੂਚੀਬੱਧ ਹੈ, ਅਤੇ ਉਹ ਨਹੀਂ ਜਿਹੜਾ ਈਮੇਲ ਵਿੱਚ ਦਿਖਦਾ ਹੈ।

# ਘਪਲੇ, ਚੋਰੀ ਅਤੇ ਦੂਸਰੇ ਜੁਰਮ

## ਪੁਲਿਸ ਨਾਲ ਸੰਪਰਕ ਕਰੋ

ਅਨੇਕ ਘਪਲੇ ਉਪਭੋਗਤਾ ਰੱਖਿਆ ਕਾਨੂੰਨਾਂ (ਕੰਪੀਟੀਸ਼ਨ ਬਿਊਰੋ ਅਤੇ ਦੂਸਰੀਆਂ ਸਰਕਾਰੀ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੁਆਰਾ ਲਾਗੂ ਕੀਤੇ ਜਾਣ ਵਾਲੇ) ਦੀ ਉਲੰਘਣਾ ਕਰ ਸਕਦੇ ਹਨ ਅਤੇ *ਕ੍ਰਿਮਿਨਲ ਕੋਡ* ਦੇ ਘਪਲਿਆਂ ਸੰਬੰਧੀ ਬੰਦੋਬਸਤ ਦੀ ਉਲੰਘਣਾ ਵੀ ਕਰ ਸਕਦੇ ਹਨ।

ਜੇ ਤੁਸੀਂ ਘਪਲੇ ਦੇ ਸ਼ਿਕਾਰ ਹੋ - ਮਤਲਬ ਤੁਹਾਨੂੰ ਕਿਸੇ ਦੀ ਬੇਈਮਾਨੀ ਜਾਂ ਫਰੇਬ ਕਰਕੇ ਨੁਕਸਾਨ ਹੋਇਆ ਹੈ - ਆਪਣੀ ਸਥਾਨਕ ਪੁਲਿਸ ਨੂੰ ਸੰਪਰਕ ਕਰਨ ਬਾਰੇ ਸੋਚੋ, ਖਾਸ ਕਰਕੇ ਜੇ ਸ਼ਾਮਲ ਰਕਮ ਅਰਥਪੂਰਨ ਹੈ। ਤੁਹਾਨੂੰ ਯਕੀਨੀ ਤੌਰ 'ਤੇ ਪੁਲਿਸ ਨੂੰ ਸੰਪਰਕ ਕਰਨਾ ਚਾਹੀਦਾ ਹੈ ਜੇ ਤੁਹਾਡੀ ਸੰਪਤੀ ਚੋਰੀ ਕੀਤੀ ਗਈ ਹੈ ਜਾਂ ਇੱਕ ਘਪਲਾ ਕਰਨ ਵਾਲੇ ਦੁਆਰਾ ਤੁਹਾਨੂੰ ਧਮਕਾਇਆ ਜਾਂ ਤੁਹਾਡੇ ਤੇ ਹਮਲਾ ਕੀਤਾ ਗਿਆ ਹੈ।

# ਪਛਾਣ ਦੀ ਚੋਰੀ

## ਪੁਲਿਸ ਨਾਲ ਸੰਪਰਕ ਕਰੋ

ਪਛਾਣ ਦੀ ਚੋਰੀ ਅਪਰਾਧਕ ਉਦੇਸਾਂ ਵਾਸਤੇ ਕਿਸੇ ਹੋਰ ਦੀ ਨਿਜੀ ਜਾਣਕਾਰੀ ਦੀ ਪ੍ਰਾਪਤੀ ਅਤੇ ਸੰਗ੍ਰਹਿ ਦਾ ਹਵਾਲਾ ਦਿੰਦੀ ਹੈ।

ਜੇ ਤੁਹਾਨੂੰ ਸ਼ੱਕ ਹੈ ਜਾਂ ਤੁਸੀਂ ਜਾਣਦੇ ਹੋ ਕਿ ਤੁਸੀਂ ਪਛਾਣ ਦੀ ਚੋਰੀ ਜਾਂ ਘਪਲੇ ਦੇ ਸ਼ਿਕਾਰ ਹੋ, ਜਾਂ ਜੇ ਤੁਸੀਂ ਅਣਜਾਣੇ ਵਿੱਚ ਨਿਜੀ ਜਾਂ ਵਿੱਤੀ ਜਾਣਕਾਰੀ ਮੁਹੱਈਆ ਕੀਤੀ ਹੈ, ਤਾਂ ਤੁਸੀਂ:

- ਆਪਣੀ ਸਥਾਨਕ ਪੁਲਿਸ ਫੋਰਸ ਨੂੰ ਸੰਪਰਕ ਕਰੋ ਅਤੇ ਰਿਪੋਰਟ ਫਾਇਲ ਕਰੋ।
- ਆਪਣੇ ਬੈਂਕ ਜਾਂ ਵਿੱਤੀ ਸੰਸਥਾ ਅਤੇ ਕ੍ਰੈਡਿਟ ਕਾਰਡ ਕੰਪਨੀ ਨੂੰ ਸੰਪਰਕ ਕਰੋ।
- ਦੋ ਰਾਸ਼ਟਰੀ ਕ੍ਰੈਡਿਟ ਬਿਊਰੋਆਂ ਨਾਲ ਸੰਪਰਕ ਕਰੋ ਅਤੇ ਆਪਣੀਆਂ ਕ੍ਰੈਡਿਟ ਰਿਪੋਰਟਾਂ ਤੇ ਘਪਲੇ ਦਾ ਅਲਰਟ ਪੁਆਓ।
- ਹਮੇਸ਼ਾ ਪਛਾਣ ਦੀ ਚੋਰੀ ਅਤੇ ਘਪਲੇ ਦੀ ਰਿਪੋਰਟ ਕਰੋ। ਕਨੇਡੀਅਨ ਐਂਟੀ-ਫਰੌਡ ਸੈਂਟਰ ਨਾਲ ਸੰਪਰਕ ਕਰੋ।

# ਸਥਿਤੀ ਤੇ ਨਿਰਭਰ ਕਰਦੇ ਹੋਏ ਸੰਪਰਕ ਕਰਨ ਲਈ ਵਾਧੂ ਸੰਸਥਾਵਾਂ:

- ਤੁਹਾਡਾ ਸੂਬਾਈ ਬੈਟਰ ਬਿਜ਼ਨਸ ਬਿਊਰੋ
- ਕੈਨੇਡਾ ਰੇਵਨਿਊ ਏਜੰਸੀ - ਚੈਰੀਟੀਆਂ ਦੀ ਪੁੱਛ-ਗਿੱਛ ਲਾਇਨ

  www.cra-arc.gc.ca
  1-800-267-2384
- ਤੁਹਾਡਾ ਰਿਕਾਰਡਾਂ ਦਾ ਸੂਬਾਈ ਦਫਤਰ
- ਕ੍ਰੈਡਿਟ ਬਿਊਰੋ ਤੁਹਾਡੇ ਅਕਾਊਂਟ ਤੇ ਫਰੌਡ ਅਲਰਟ ਪਾ ਸਕਦੇ ਹਨ, ਜੋ ਰਿਣਦਾਤਾਵਾਂ ਅਤੇ ਲੈਣਦਾਰਾਂ ਨੂੰ ਸੰਭਾਵੀ ਘਪਲੇ ਬਾਰੇ ਸਚੇਤ ਕਰੇਗਾ:

  ਇਕਵੀਫੈਕਸ ਕੈਨੇਡਾ
  1-800-465-7166

  ਟ੍ਰਾਂਸਯੂਨੀਅਨ ਕੈਨੇਡਾ
  1-866-525-0262

*ਘਪਲਿਆਂ ਦੀ ਛੋਟੀ ਕਾਲੀ ਕਿਤਾਬ (The Little Black Book of Scams)* www.competitionbureau.gc.ca ਤੇ ਆਨਲਾਇਨ ਉਪਲਬਧ ਹੈ।

ਗਿਆਨ ਸ਼ਕਤੀ ਹੈ!

